
ISSN 2278-5167
www.shabaduk.co.uk

# ਸ਼ਬਦ 35

ਮੁੱਲ 50 ਰੁਪਏ

ਸਪਲੀਮੈਂਟ

## ਆਲੋਚਨਾ ਵਿਸ਼ੇਸ਼ ਅੰਕ



ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

ISSN 2278-5167

# ਸ਼ਬਦ 35

ਸਪਲੀਮੈਂਟ

ਸਾਲ : 26 | ਜੁਲਾਈ 2023 | ਆਲੋਚਨਾ ਵਿਸ਼ੇਸ਼ ਅੰਕ

Website : www.shabaduk.co.uk

**ਮੁੱਖ ਸੰਪਾਦਕ**

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726

e mail: harjeetatwal@yahoo.co.uk, harjeetatwal@hotmail.co.uk

**ਸੰਪਾਦਕ**

**ਜਿੰਦਰ**

984, Rajput Nagar, Near Surinder Welding Works,

Model House, Jalandhar-144003

Mobile : 98148 03254

Email : jinder340@gmail.com

**ਉਪ ਸੰਪਾਦਕ**

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.

Ph. 001-703-362-3239

Email : Chahals57@Yahoo.com

**ਰਵੀ ਸ਼ੇਰਗਿੱਲ (Ravinder Gill)**

8042 Prairie Hawk Way, Sacramento CA 95829 U.S.A.

Ph. 001-916-753-2868

Email : drgilldvm@Yahoo.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।
Saiffi, Bank Of India, Account No 640410100003680, IFSC No BKID0006404. Branch Satluj Markeet , Jalandhar

ਵਿਸ਼ੇਸ਼ ਨੋਟ : ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।
ਚੰਦਾ : 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
ਲਾਈਫ ਮੈਂਬਰਸ਼ਿਪ : ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

## ਇਸ ਵਾਰ


- ਸੋਗੀ ਸੰਗੀਤ ਦਾ ਜਾਦੂ : ਸ਼ਬਦ ਸੰਵੇਦਨਾ ਅਤੇ ਵਿਅੰਗ ਦੀ ਰਚਨਾਕਾਰੀ
  – ਡਾ ਕੁਲਦੀਪ ਸਿੰਘ 3
- ਪਰਵੇਜ਼ ਸੰਧੂ ਦੀਆਂ ਕਹਾਣੀਆਂ : ਸੰਵਾਦ ਮੁੱਖ ਬਿਰਤਾਂਤ ਦੀ ਪੇਸ਼ਕਾਰੀ
  – ਡਾ. ਅਕਾਲ ਅੰਮ੍ਰਿਤ ਕੌਰ 11
- ਦਰਸ਼ਨ ਸਿੰਘ ਧੀਰ ਦੁਆਰਾ ਰਚਿਤ ਨਾਵਲ 'ਲਕੀਰਾਂ ਤੇ ਮਨੁੱਖ' ਅੰਦਰ ਉਭਰਦੇ ਸਮਾਜਿਕ ਸਰੋਕਾਰ
  – ਡਾ.ਕਮਲ ਜੀਤ ਸਿੰਘ 17
- ਜਥੇਬੰਦਕ ਸ਼ੰਘਰਸ਼ਾਂ ਦੀ ਲੋਚਾ ਦਾ ਬ੍ਰਿਤਾਂਤਕ ਪ੍ਰਵਚਨ : ਹਾਰੀਂ ਨਾ ਬਚਨਿਆ
  – ਡਾ. ਹਰਜਿੰਦਰ ਸਿੰਘ 23
- ਪਰਵਾਸੀ ਪੰਜਾਬੀ ਚੇਤਨਾ-ਸਿੱਧਾਂਤਕ ਪਰਿਪੇਖ
  – ਡਾ. ਅਮਰਜੀਤ ਸਿੰਘ 35
- ਵਰਤਮਾਨ ਭਾਰਤ ਦੀ ਤ੍ਰਾਸਦਕ ਵੇਦਨਾ : 'ਕੋਈ ਤਾਂ ਦੱਸੋ ਯਾਰੋ'
  – ਡਾ. ਪਰਮਿੰਦਰ ਸਿੰਘ 49
- ਸਹਿਜੇ-ਸਹਿਜੇ ਤੁਰ : ਕਾਵਿ ਸਰੋਕਾਰ
  – ਡਾ. ਕਵਲਜੀਤ ਕੌਰ 55
- ਸੀਤੇ ਬੁੱਲ੍ਹਾਂ ਦਾ ਸੁਨੇਹਾ: ਔਰਤ ਦੀ ਹੋਂਦ ਸਥਿਤੀ : ਮਾਨਵੀ ਸੰਵੇਦਨਾ
  – ਡਾ. ਰਛਪਾਲ ਸਿੰਘ ਉੱਪਲ 63
- ਗੁਲਜ਼ਾਰ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਵਿਸ਼ੇਗਤ ਅਧਿਐਨ
  – ਡਾ. ਗੁਰਪ੍ਰੀਤ ਕੌਰ 74
- ਮਨੁੱਖੀ ਸੰਘਰਸ਼ ਦੀ ਪੇਸ਼ਕਾਰੀ ਕਥਾ-ਸੰਗ੍ਰਹਿ : ਘੋੜ ਸਵਾਰ
  – ਬਲਜੀਤ ਸਿੰਘ 78
- ਜਰਨੈਲ ਸੇਖਾ ਰਚਿਤ ਨਾਵਲ 'ਭਗੌੜਾ' : ਸਵੈ ਪਛਾਣ ਦੇ ਮਸਲੇ
  – ਗੁਰਪ੍ਰੀਤ ਸਿੰਘ 87
- ਜ਼ਿੰਦਗੀ ਦਾ ਤਾਣਾ-ਪੇਟਾ ਉਭਾਰਦੀ : ਸਮਕਾਲੀ ਪੰਜਾਬੀ ਕਹਾਣੀ
  – ਡਾ. ਗੁਰਦੀਪ ਕੌਰ ਸੂਰਾ 92
- ਪ੍ਰਕ੍ਰਿਤੀ ਦਾ ਕਵੀ ਭਾਈ ਵੀਰ ਸਿੰਘ
  – ਡਾ. ਸੁਨੀਲ 105
- ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸਿੱਖ ਨਾਰੀ ਦਾ ਗੌਰਵਮਈ ਸਰੂਪ
  – ਡਾ. ਰਵਿੰਦਰ ਕੌਰ ਬੇਦੀ 109

# ਜਥੇਬੰਦਕ ਸ਼ੰਘਰਸ਼ਾਂ ਦੀ ਲੋਚਾ ਦਾ ਬ੍ਰਿਤਾਂਤਕ ਪ੍ਰਵਚਨ : ਹਾਰੀਂ ਨਾ ਬਚਨਿਆ

- ਡਾ. ਹਰਜਿੰਦਰ ਸਿੰਘ*

'ਹਾਰੀਂ ਨਾ ਬਚਨਿਆ' ਸਮਕਾਲੀ ਪੰਜਾਬੀ ਕਹਾਣੀ ਦੇ ਸਮਰੱਥ ਕਹਾਣੀਕਾਰ ਗੁਰਮੀਤ ਕੜਿਆਲਵੀ ਦਾ ਨਵ-ਪ੍ਰਕਾਸ਼ਿਤ ਕਹਾਣੀ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਅੱਕ ਦਾ ਬੂਟਾ, ਊਣੇ, ਆਤੂ ਖੋਜੀ ਅਤੇ ਢਾਲ ਜਿਹੇ ਚਾਰ ਕਹਾਣੀ ਸੰਗ੍ਰਹਿਆਂ ਦੁਆਰਾ ਸਮਕਾਲੀ ਪੰਜਾਬੀ ਕਹਾਣੀ ਨੂੰ ਵਿਸ਼ੇ ਤੇ ਤਕਨੀਕ ਦੇ ਪੱਖ ਤੋਂ ਨਵੇਂ ਆਯਾਮ ਦੇ ਚੁੱਕਾ ਹੈ। 'ਹਾਰੀਂ ਨਾ ਬਚਨਿਆ' ਕਹਾਣੀ ਸੰਗ੍ਰਹਿ ਰਾਹੀਂ ਉਹ ਸਮਕਾਲੀ ਪੰਜਾਬੀ ਕਹਾਣੀ ਨੂੰ ਨਾ-ਕੇਵਲ ਨਵੇਂ ਵਿਸਥਾਰ ਦਿੰਦਾ ਹੈ ਸਗੋਂ ਸਮਕਾਲੀ ਪੰਜਾਬੀ ਸਮਾਜ-ਸਭਿਆਚਾਰਕ ਮਸਲਿਆਂ ਨੂੰ ਵਧੇਰੀ ਸ਼ਿੱਦਤ ਨਾਲ ਪ੍ਰਸਤੁਤ ਵੀ ਕਰਦਾ ਹੈ। ਉਸ ਦੀ ਧਾਰਨਾ ਹੈ ਕਿ ਗੱਲ ਕਿਸੇ ਰਚਨਾ ਦੇ ਅੱਗੇ ਜਾਂ ਪਿੱਛੇ ਰਹਿ ਜਾਣ ਦੀ ਨਹੀਂ। ਅਸਲ ਗੱਲ ਤਾਂ ਲੇਖਕ ਵੱਲੋਂ ਸਮੇਂ ਦੀ ਨਬਜ਼ 'ਤੇ ਉਂਗਲ ਰੱਖਣ ਦੀ ਹੁੰਦੀ ਹੈ। ਮੈਂ ਹਮੇਸ਼ਾ ਇਸ ਆਹਰ 'ਚ ਰਹਿੰਦਾ ਹਾਂ ਕਿ ਆਪਣੀ ਧਰਤੀ ਨਾਲ ਜੁੜ ਕੇ ਸਮੇਂ ਦੀ ਨਬਜ਼ ਟੋਹਣ ਵਾਲੀਆਂ ਕਹਾਣੀਆਂ ਲਿਖਦਾ ਰਹਾਂ। ਮੇਰੇ ਹਿਸਾਬ ਨਾਲ ਲੇਖਕ ਦਾ ਕਰਮ ਵੀ ਏਹੀ ਹੋਣਾ ਚਾਹੀਦਾ ਹੈ।1 ਸਪਸ਼ਟ ਹੈ, ਲੇਖਕ ਅਸਲ ਅਰਥਾਂ ਵਿਚ ਲੇਖਕ ਉਦੋਂ ਹੀ ਹੁੰਦਾ ਹੈ ਜਦੋਂ ਉਹ ਧਰਤੀ ਨਾਲ ਜੁੜੇ ਲੋਕਾਂ ਦੇ ਵਿਭਿੰਨ ਮਸਲਿਆਂ ਨੂੰ ਆਪਣੀ ਚਿੰਤਨੀ ਦ੍ਰਿਸ਼ਟੀ ਤੋਂ ਕਲਾਤਿਮਕ ਪੁੱਠ ਦੇ ਕੇ ਪ੍ਰਸਤੁਤ ਕਰਦਾ ਹੈ। ਗੁਰਮੀਤ ਕੜਿਆਲਵੀ ਆਪਣੇ ਲੇਖਕ ਧਰਮ ਨੂੰ ਬਾਖੂਬੀ ਨਿਭਾਉਂਦਾ ਨਜ਼ਰ ਆਉਂਦਾ ਹੈ। ਉਹ ਘੜੇ-ਘੜਾਏ ਚੌਖਟਿਆਂ ਅਨੁਸਾਰ ਨਾ ਕਹਾਣੀ ਦਾ ਵਿਸ਼ਾ ਚੁਣਦਾ ਹੈ ਤੇ ਨਾ ਕਹਾਣੀ ਦਾ ਬਿਰਤਾਂਤਕ ਆਭਾਮੰਡਲ ਸਿਰਜਦਾ ਹੈ। ਉਹ ਵੱਖਰੀ ਵਿਧੀ ਅਤੇ ਦ੍ਰਿਸ਼ਟੀ ਦਾ ਕਹਾਣੀਕਾਰ ਹੈ। ਉਹ ਨਿਰੋਲ ਕਾਲਪਨਿਕ ਤੇ ਸਮਾਂ ਵਿਹਾਅ ਚੁੱਕੇ ਵਿਸ਼ਿਆਂ/ਮਸਲਿਆਂ ਨੂੰ ਲੈ ਕੇ ਕਹਾਣੀਆਂ ਨਹੀਂ ਸਿਰਜਦਾ ਸਗੋਂ ਸਮਕਾਲ ਦੇ ਪ੍ਰਸੰਗਿਕ ਮੁੱਦਿਆਂ ਤੇ ਸਮੱਸਿਆਵਾਂ ਨੂੰ ਕੇਂਦਰ ਵਿਚ ਰੱਖ ਕੇ ਯਥਾਰਥਿਕ ਵਿਧੀ ਅਤੇ ਦ੍ਰਿਸ਼ਟੀ ਤੋਂ ਕਹਾਣੀਆਂ ਦੀ ਸਿਰਜਣਾ ਕਰਦਾ ਹੈ। ਇਸੇ ਵਿਧੀ ਅਤੇ ਦ੍ਰਿਸ਼ਟੀ ਕਾਰਨ ਹੀ ਉਹ ਸਮਕਾਲੀ ਪੰਜਾਬੀ ਕਹਾਣੀਕਾਰਾਂ ਵਿਚ ਆਪਣੀ ਵਿਲੱਖਣ ਪਛਾਣ ਸਥਾਪਤ ਕਰਦਾ ਹੈ। 'ਹਾਰੀਂ ਨਾ ਬਚਨਿਆ' ਕਹਾਣੀ ਸੰਗ੍ਰਹਿ ਰਾਹੀਂ ਉਹ ਇਸ ਪਛਾਣ ਨੂੰ ਹੋਰ ਗੂੜ੍ਹਾ ਕਰਦਾ ਨਜ਼ਰ ਆਉਂਦਾ ਹੈ। ਇਸ ਸੰਗ੍ਰਹਿ ਵਿਚਲੀਆਂ ਸਾਰੀਆਂ ਕਹਾਣੀਆਂ ਸਮਕਾਲੀ ਸਮਾਜ-ਸਭਿਆਚਾਰਕ ਜੀਵਨ ਯਥਾਰਥ ਦੀਆਂ ਵਿਭਿੰਨ ਪਰਤਾਂ ਨੂੰ ਨਾ-ਕੇਵਲ ਪਰਤ-ਦਰ-ਪਰਤ ਖੋਲਦੀਆਂ ਹਨ ਸਗੋਂ ਦਰਪੇਸ਼ ਸੰਕਟਾਂ/ਮਸਲਿਆਂ ਵਿਰੁੱਧ ਜਥੇਬੰਦਕ ਸੰਘਰਸ਼ ਕਰਨ ਹਿੱਤ ਲਾਮਬੰਦ ਹੋਣ ਲਈ ਅਜੋਕੇ ਮੁਨੱਖ ਦੀ ਨਿੱਗਰ ਅਗਵਾਈ ਵੀ ਕਰਦੀਆਂ ਹਨ।

'ਹਾਰੀਂ ਨਾ ਬਚਨਿਆ' ਕਹਾਣੀ ਸੰਗ੍ਰਹਿ ਦੀਆਂ ਲੱਗਪਗ ਸਾਰੀਆਂ ਕਹਾਣੀਆਂ ਵਿਚੋਂ ਸੰਘਰਸ਼ ਜਾਰੀ ਰੱਖਣ ਅਤੇ ਨਾਜ਼ੁਕ ਤੋਂ ਨਾਜ਼ੁਕ ਸਥਿਤੀਆਂ/ਪਰਿਸਥਿਤੀਆਂ ਵਿਚ ਵੀ ਹਾਰ ਨਾ ਮੰਨਣ ਦੇ ਇਰਾਦੇ ਵਿਚਲਾ ਵਿਵੇਕ ਗੂੰਜਦਾ ਰਹਿੰਦਾ ਹੈ।" ਇਹ ਕਹਾਣੀਆਂ ਵਿਅਕਤੀਗਤ ਤੌਰ 'ਤੇ ਅਨੇਕ ਤਰ੍ਹਾਂ ਦੀਆਂ ਮਨੋ-ਸਮਾਜਕ ਸਮੱਸਿਆਵਾਂ ਨਾਲ ਜੂਝ ਰਹੇ ਅਜੋਕੇ ਮਨੁੱਖ ਅੰਦਰਲੀਆਂ ਸੰਵੇਦਨਾਵਾਂ, ਤਣਾਵਾਂ, ਦੁਬਿਧਾਵਾਂ ਤੇ ਸ਼ੰਕਾਵਾਂ ਨੂੰ ਸ਼ਬਦੀ ਪਛਾਣ ਦਿੰਦੀਆਂ ਹਨ। ਕਹਾਣੀਆਂ 'ਚੋਂ ਔਖੀ ਤੋਂ ਔਖੀ ਸਥਿਤੀ ਵਿਚ ਵੀ ਮਨੁੱਖ ਵੱਲੋਂ

ਕਦੇ ਹਾਰ ਨਾ ਮੰਨਣ ਦੀ ਧੁਨੀ ਸਾਫ਼ ਤੌਰ 'ਤੇ ਸੁਣਾਈ ਦਿੰਦੀ ਹੈ"2 ਇਉਂ ਸੰਘਰਸ਼ ਇਹਨਾਂ ਕਹਾਣੀਆਂ ਦੇ ਵਸਤੂ-ਸੰਸਾਰ ਵਿਚ ਕੇਂਦਰੀ ਸੂਤਰ ਵਾਂਗ ਨਿਹਿਤ ਹੈ। ਇਹ ਸੰਘਰਸ਼ ਦੋ ਪਾਤਰਾਂ ਜਾਂ ਦੋ ਪਾਤਰ-ਧਿਰਾਂ ਵਿਚਕਾਰ, ਦੋ ਸਥਿਤੀਆਂ-ਪਰਿਸਥਿਤੀਆਂ ਵਿਚਕਾਰ, ਦੋ ਵਰਗਾਂ ਵਿਚਕਾਰ, ਲੋਕ-ਸਮੂਹਾਂ ਤੇ ਸੱਤਾ ਵਿਚਕਾਰ, ਮਨੁੱਖ ਦੇ ਬਾਹਰੀ ਤੇ ਅੰਦਰਲੇ ਸੰਸਾਰ ਵਿਚਕਾਰ, ਨੇਕੀ ਤੇ ਬਦੀ ਵਿਚਕਾਰ ਨਿਰੰਤਰ ਕਾਰਜ਼ਸ਼ੀਲ ਨਜ਼ਰ ਆਉਂਦਾ ਹੈ। ਇਸ ਸੰਗਰਸ਼ ਨੂੰ ਕਹਾਣੀਆਂ ਦੇ ਪਾਤਰਾਂ ਅਤੇ ਸਥਿਤੀਆਂ ਦੇ ਅਨੁਸਾਰੀ ਬਣਾ ਕੇ ਸਮਕਾਲੀ ਪੰਜਾਬੀ ਬੰਦੇ ਦੇ ਵਿਹਾਰਕ-ਜੀਵਨ ਦੇ ਅੰਗ ਵਜੋਂ ਪੇਸ਼ ਕਰਨ ਹਿੱਤ ਗੁਰਮੀਤ ਕੜਿਆਲਵੀ ਅਨੇਕ ਬਿਰਤਾਂਤਕ ਯੁਗਤਾਂ ਦੀ ਵਰਤੋਂ ਕਰਦਾ ਹੈ। "ਯਥਾਰਥਕ ਚਿਤਰਣ, ਕਥਾ-ਰਸ, ਮਨੋਵਿਗਿਆਨਕ ਛੋਹਾਂ, ਜੀਵਨ ਕਾਰਜ਼ ਦੇ ਜੀਵੰਤ ਚਿੱਤਰ ਸਿਰਜਣਾ, ਵਿਅੰਗ ਵਿਧੀ ਤੇ ਸੰਗਠਿਤ ਕਥਾਨਕ ਰਾਹੀਂ ਰਸ ਪੈਦਾ ਕਰਨਾ ਆਦਿ ਉਸ ਦੀਆਂ ਪ੍ਰਮੁੱਖ ਬਿਰਤਾਂਤਕ ਜੁਗਤਾਂ ਹਨ। ਉਹ ਆਪਣੇ ਕਥਾ-ਪਾਠ ਵਿਚ ਬੜੇ ਰੌਚਿਕ ਢੰਗ ਨਾਲ ਬਿਰਤਾਂਤ ਦੀਆਂ ਅਜਿਹੀਆਂ ਮਹੀਨ ਪਰਤਾਂ ਖੋਲਦਾ ਹੈ ਕਿ ਕਥਾ ਦੇ ਮੁੱਖ ਪਾਠ ਵਿਚੋਂ ਅੱਗੇ ਹੋਰ ਕਈ ਪਾਠ ਖੁਲ੍ਹਦੇ ਹਨ, ਜਿਸ ਵਿਚ ਆਰੰਭ ਤੋਂ ਲੈ ਕੇ ਅੰਤ ਤੱਕ ਪਾਠਕ ਦੀ ਉਤਸੁਕਤਾ ਬਣੀ ਰਹਿੰਦੀ ਹੈ।"3 ਪਾਠਕ ਦਰਪੇਸ਼ ਸਮਾਜ-ਸਭਿਆਚਾਰਕ ਸੰਕਟਾਂ/ਸਮੱਸਿਆਵਾਂ ਨੂੰ ਪੈਦਾ ਕਰਨ ਵਾਲੀਆਂ ਧਿਰਾਂ ਵਿਰੁੱਧ ਜਥੇਬੰਦਕ ਸੰਘਰਸ਼ ਵਿੱਢਣ ਲਈ ਲਾਮਬੰਦ ਹੋਣ ਦੀ ਕਿਰਿਆ ਵਿਚ ਪੈ ਜਾਂਦਾ ਹੈ। ਇਸ ਤਰ੍ਹਾਂ ਕਹਾਣੀਆਂ ਵਿਚਲੇ ਪਾਤਰਾਂ ਦੇ ਕਾਰਜਾਂ, ਸੰਵਾਦਾਂ ਅਤੇ ਸਥਿਤੀਆਂ/ਪਰਿਸਥਿਤੀਆਂ ਵਿਚੋਂ ਪੈਦਾ ਹੁੰਦੇ ਸੰਘਰਸ਼ੀ ਵਿਵੇਕ ਨੂੰ ਕਹਾਣੀਕਾਰ ਦੀ ਰਚਨਾ-ਦ੍ਰਿਸ਼ਟੀ ਵਜੋਂ ਗ੍ਰਹਿਣ ਕੀਤਾ ਜਾ ਸਕਦਾ ਹੈ।

'ਹਾਰੀਂ ਨਾ ਬਚਨਿਆ' ਕਹਾਣੀ-ਸੰਗ੍ਰਹਿ ਦੀ ਪਹਿਲੀ ਕਹਾਣੀ 'ਕੀ ਕਰਾਂ?' ਰਾਹੀਂ ਕਹਾਣੀਕਾਰ ਜੀਵਨ ਦੇ ਬਹੁਤ ਸਾਰੇ ਫਰੰਟਾਂ 'ਤੇ ਆਪਣੇ ਹੱਕਾਂ ਅਤੇ ਸੁਤੰਤਰ ਹੋਂਦ ਦੀ ਪਛਾਣ ਲਈ ਲੜੇ ਜਾ ਰਹੇ ਸੰਘਰਸ਼ਾਂ ਨੂੰ ਪਛਾਣ ਦਿੰਦਾ ਹੈ। ਇਸ ਕਹਾਣੀ ਦੀ ਮੁੱਖ ਪਾਤਰ 'ਕਿਰਨ' ਆਪਣੀ ਮਾਨਸਿਕ ਤੇ ਸਮਾਜਿਕ ਹੋਂਦ ਦੀ ਸੁਤੰਤਰ ਪਛਾਣ ਲਈ ਨਾ-ਕੇਵਲ ਆਪ ਮਾਨਸਿਕ ਤੇ ਸਮਾਜਿਕ ਪੱਧਰ 'ਤੇ ਸੰਘਰਸ਼ ਕਰਦੀ ਹੈ ਸਗੋਂ ਹੋਰ ਹਾਸ਼ੀਆਕ੍ਰਿਤ ਧਿਰਾਂ ਨੂੰ ਵੀ ਲੋਕ ਦੋਖੀਆਂ ਵਿਰੁੱਧ ਜਥੇਬੰਦਕ ਸੰਘਰਸ਼ ਕਰਨ ਲਈ ਪ੍ਰੇਰਦੀ ਹੈ। ਕਹਾਣੀ 'ਕਿਰਨ' ਦੇ ਵਿਹਾਰਕ ਜੀਵਨ ਅਤੇ ਮਾਨਸਿਕ ਖਿਚੋਤਾਣ ਨੂੰ ਕੇਂਦਰ ਵਿਚ ਰੱਖ ਕੇ ਪੰਜਾਬ ਵਿਚ ਸਿੱਖ ਧਾਰਮਿਕ ਡੇਰਿਆਂ ਦੇ ਬਾਬਿਆਂ ਅਤੇ ਰਾਜਸੀ ਨੇਤਾਵਾਂ ਦੇ ਸਾਂਝੇ ਗੱਠਜੋੜ ਜ਼ਰੀਏ ਫੈਲਾਏ ਜਾ ਰਹੇ ਸਿੱਖਿਆ ਦੇ ਸਾਮਰਾਜ ਦੀਆਂ ਜ਼ਮੀਨੀ ਹਕੀਕਤਾਂ ਤੋਂ ਜਾਣੂ ਕਰਵਾਉਂਦੀ ਹੈ। ਇਸ ਪ੍ਰਸੰਗ ਵਿਚ ਕਹਾਣੀ ਦੇ ਇਹ ਬਿਰਤਾਂਤਕ ਵੇਰਵੇ ਧਿਆਨ ਦੀ ਮੰਗ ਕਰਦੇ ਹਨ:

> "ਆਏ ਸਾਲ ਗ਼ਰੀਬ ਲੜਕੀਆਂ ਦੀ ਭਰਤੀ ਦੇ ਬਹਾਨੇ ਅਕੈਡਮੀ ਨੂੰ ਉਮਰ ਭਰ ਲਈ ਸਮਰਪਿਤ, ਪੰਜ ਪੱਥਰ ਕਿਸਮ ਦੀਆਂ ਟੀਚਰਾਂ ਤਿਆਰ ਕੀਤੀਆਂ ਜਾਂਦੀਆਂ ਨੇ। ਇਹਨਾਂ ਪੰਜਾਂ ਨੂੰ ਅਕੈਡਮੀ ਵਿਚ ਐਡਜਸਟ ਕਰਨ ਲਈ ਦਿਲਪ੍ਰੀਤ ਵਰਗੀਆਂ ਨੂੰ ਕੋਈ ਨਾ ਕੋਈ ਬਹਾਨਾ ਬਣਾ ਕੇ ਬਿਨਾਂ ਕਸੂਰੋਂ ਘਰ ਤੋਰ ਦਿੱਤਾ ਜਾਂਦਾ ਹੈ। ਅਜਿਹੀਆਂ ਲੋਥਾਂ ਵਰਗੀਆਂ ਸਮਰਪਿਤ ਟੀਚਰਾਂ ਆਸਰੇ ਬਾਬੇ ਆਪਣਾ ਵੱਡਾ ਸਾਮਰਾਜ ਖੜ੍ਹਾ ਕਰਨ ਦੀਆਂ ਯੋਜਨਾਵਾਂ ਬਣਾਉਂਦੇ ਰਹਿੰਦੇ ਹਨ।"4

ਸਪੱਸ਼ਟ ਹੈ, ਧਾਰਮਿਕ ਸੱਤਾ ਵਿਦਿਆਰਥੀਆਂ ਨੂੰ ਗੁਰਬਾਣੀ ਨਾਲ ਜੋੜਨ ਦੇ ਨਾਂ

'ਤੇ ਖੋਲ੍ਹੇ ਸਕੂਲਾਂ ਤੇ ਅਕੈਡਮੀਆਂ ਜ਼ਰੀਏ ਜਿਥੇ ਆਪਣੀ ਧਾਰਮਿਕ ਹੈਜਮਨੀ ਸਥਾਪਤ ਕਰਦੀ ਹੈ ਉਥੇ ਆਪਣੇ ਸਾਮਰਾਜ ਦੀਆ ਹੱਦਾਂ ਨੂੰ ਵਿਸਥਾਰਦੀ ਵੀ ਹੈ। ਅਸਲ ਵਿਚ "ਰਾਜਨੀਤਿਕ ਖੇਤਰ ਵਾਂਗ ਧਾਰਮਿਕ ਖੇਤਰ ਦੀ ਵੀ ਆਪਣੀ ਇਕ ਸੱਤਾ ਹੈ ਅਤੇ ਇਸ ਸੱਤਾ 'ਤੇ ਵੀ ਰਾਜਨੀਤਿਕ ਸੱਤਾ ਵਾਂਗ ਪੂੰਜੀਪਤੀ ਕੁਲੀਨ ਜਮਾਤ ਦਾ ਹੀ ਕਬਜਾ ਹੈ। ਧਾਰਮਿਕ ਸੱਤਾ ਆਪਣੇ ਪੁਰਜੇ ਪੈਦਾ ਕਰਨ ਲਈ ਜਿਹੜੀਆਂ ਵਿਦਿਅਕ ਸੰਸਥਾਵਾਂ ਖੋਲ੍ਹਦੀ ਹੈ, ਉਹਨਾਂ ਵਿਚੋਂ ਹੀ ਇਕ ਧਰਿਮਕ ਅਕੈਡਮੀਂ ਵਿਚ ਕਿਰਨ ਦੀ ਸਭਿਆਚਾਰਕ ਢਾਲਣਾ, ਇਕ ਜਿਉਂਦੇ ਜਾਗਦੇ ਮਨੁੱਖੀ ਸਰੀਰ ਤੋਂ ਨਿਰਜੀਵ ਧਾਰਮਿਕ ਪੁਰਜੇ ਵਜੋਂ ਕੀਤੀ ਜਾ ਰਹੀ ਹੈ। ਮੁਫ਼ਤ ਪੜ੍ਹਾਈ ਦੇ ਨਾਂ 'ਤੇ ਸੰਸਥਾਵਾਂ ਦੀਆਂ ਕਰੜੀਆਂ ਬੰਦਸ਼ਾਂ ਵਿਚ ਕਿਰਨ ਵਰਗੀਆਂ ਕੁੜੀਆਂ ਆਪਣੇ ਔਰਤ ਹੋਣ ਦੇ ਕੁਦਰਤੀ ਗੁਣ ਗੁਆ ਚੁਕੀਆਂ ਹਨ।"5 ਉਹ ਧਾਰਮਿਕ ਬਾਣਿਆਂ 'ਚ ਸੱਜੀਆਂ ਹੋਈਆਂ ਨਿਰਜਿੰਦ ਲੋਥਾਂ ਬਣ ਚੁੱਕੀਆਂ ਹਨ। ਅਜਿਹੇ ਵਰਤਾਰੇ ਵਿਚਲੇ ਯਥਾਰਥ ਨੂੰ ਕਿਰਨ ਦੇ ਇਹ ਬੋਲ ਇਉਂ ਵਿਅਕਤ ਕਰਦੇ ਹਨ:

> " ਪਤਾ ਨ੍ਹੀ ਕੀ ਖੁਆ ਦਿੱਤਾ ਸੀ ਸਾਨੂੰ ਛੱਪੜਾਂ ਦੇ ਖੜੇ ਪਾਣੀਆਂ ਵਰਗੀਆਂ ਹੋ ਗਈਆਂ ਸਾਂ, ਜਿਸ ਵਿਚ ਕੋਈ ਜਵਾਰਭਾਟਾ ਆਉਂਦਾ ਹੀ ਨਹੀਂ ਸੀ। ਸਰੀਰ ਦੀਆਂ ਸਾਰੀਆਂ ਹਲਚਲਾਂ ਹੀ ਸ਼ਾਂਤ ਸਨ"6

ਜ਼ਾਹਿਰ ਹੈ, ਪੂੰਜੀਪਤੀ ਕੁਲੀਨ ਵਰਗ ਆਪਣੀ ਧਾਰਮਿਕ ਅਤੇ ਰਾਜਨੀਤਿਕ ਸੱਤਾ ਨੂੰ ਚਿਰਸਥਾਈ ਬਣਾਉਣ ਲਈ ਮੁਫ਼ਤ ਧਾਰਮਿਕ ਵਿਦਿਆ ਦੇ ਨਾਂ 'ਤੇ ਨਾ-ਕੇਵਲ ਕਿਰਨ ਵਰਗੀਆਂ ਨਿਮਨ-ਕਿਸਾਨੀ ਪਰਿਵਾਰਾਂ ਦੀਆਂ ਕੁੜੀਆਂ ਦਾ ਮਾਨਸਿਕ ਤੇ ਸਰੀਰਿਕ ਸ਼ੋਸ਼ਣ ਕਰਦਾ ਹੈ ਸਗੋਂ ਸਾਧਨਹੀਣ ਕਿਰਤੀ ਵਰਗ ਨੂੰ ਆਪਣੇ ਮੱਕੜਜਾਲ ਵਿਚ ਜਕੜੀ ਵੀ ਰੱਖਦਾ ਹੈ। ਇਸੇ ਜਕੜ ਦਾ ਕਾਰਨ ਹੈ ਕਿ "ਕਿਰਨ ਅਕੈਡਮੀ ਵਿਚ ਪੜ੍ਹਦਿਆਂ ਇਕ ਪਾਸੇ ਧਾਰਮਿਕ ਦਾਬੇ ਦਾ ਸ਼ਿਕਾਰ ਹੈ ਉਥੇ ਦੂਜੇ ਪਾਸੇ ਉਸਦੇ ਪਰਿਵਾਰਕ ਮੈਬਰਾਂ ਤੇ ਰਿਸ਼ਤੇਦਾਰਾਂ ਵਲੋਂ ਉਥੇ ਪੜ੍ਹਨ ਲਈ ਮਜ਼ਬੂਰ ਕਰਨ 'ਤੇ ਸਮਾਜਿਕ ਦਾਬੇ ਦਾ ਵੀ ਸ਼ਿਕਾਰ ਹੈ। ਕਿਰਨ ਇਸ ਦਾਬੇ ਵਿਚੋਂ ਆਪਣੀ ਸੁਤੰਤਰ ਸੋਚ ਲਈ ਸੰਘਰਸ਼ ਕਰਦੀ ਹੈ। ਉਹ ਇਸ ਪ੍ਰਬੰਧ ਵਿਚ ਆਪਣੀ ਮੌਲਿਕਤਾ ਨੂੰ ਮਾਰ ਕੇ ਫਿੱਟ ਹੋਣ ਤੋਂ ਇਨਕਾਰੀ ਹੈ।"7 ਇਸੇ ਕਰਕੇ ਉਹ ਅਕੈਡਮੀ ਦੇ ਗ਼ੈਰਮਾਨਵੀ ਪ੍ਰਬੰਧ ਤੋਂ ਛੁਟਕਾਰਾ ਪਾਉਣ ਲਈ ਉਥੋਂ ਭੱਜ ਕੇ ਘਰ ਆ ਜਾਂਦੀ ਹੈ। ਆਪਣੇ ਔਰਤਪਣ ਨੂੰ ਗਵਾਉਣ ਦੇ ਬਾਵਜੂਦ ਜਿਉਂਣ ਦੀ ਲੋਚਾ ਉਸ ਨੂੰ ਹਾਰ ਕੇ ਵੀ ਹਾਰ ਨਾ ਮੰਨਣ ਦੇ ਸੰਘਰਸ਼ੀ ਰਾਹ ਦੀ ਪਾਂਧੀ ਬਣਾ ਦਿੰਦੀ ਹੈ।

ਕਿਰਨ ਦੇ ਸੰਘਰਸ਼ੀ ਜੀਵਨ ਅਤੇ ਤਰਕਵਾਦੀ ਦ੍ਰਿਸ਼ਟੀਕੋਣ ਰਾਹੀਂ ਕਹਾਣੀ ਸਿੱਖ ਧਾਰਮਿਕ ਸੱਤਾ 'ਤੇ ਕਾਬਜ਼ ਪੂੰਜੀਪਤੀ ਕੁਲੀਨ ਵਰਗ ਦੁਆਰਾ ਸਿੱਖੀ ਦੇ ਅਸਲੀ ਸਿਧਾਂਤਾ ਨੂੰ ਤਿਲਾਂਜਲੀ ਦੇ ਕੇ ਸਿੱਖੀ ਦੇ ਕੀਤੇ ਜਾ ਰਹੇ ਘਾਣ ਅਤੇ ਗ਼ਰੀਬ ਕਿਰਤੀਆਂ ਤੇ ਕਿਸਾਨਾਂ ਦੇ ਕੀਤੇ ਜਾ ਰਹੇ ਅਪਮਾਨ 'ਤੇ ਬਹੁਤ ਸਾਰੇ ਗੰਭੀਰ ਪ੍ਰਸ਼ਨ ਖੜ੍ਹੇ ਕਰਦੀ ਹੈ। ਕਹਾਣੀ ਇਹ ਮੁੱਦਾ ਵੀ ਬੜੇ ਜ਼ੋਰ ਨਾਲ ਉਠਾਉਂਦੀ ਹੈ ਕਿ ਹਜ਼ਾਰਾਂ ਕੁਰਬਾਨੀਆਂ ਦੇ ਕੇ ਸਿੱਖੀ ਨੂੰ ਕਾਇਮ ਰੱਖਣ ਵਾਲੇ ਕਿਰਤੀ ਵਰਗ ਨੂੰ ਧਾਰਮਿਕ ਸੱਤਾ 'ਤੇ ਕਾਬਜ਼ ਪੂੰਜੀਪਤੀ ਕੁਲੀਨ ਵਰਗ ਨੇ ਹਮੇਸ਼ਾ ਹਾਸ਼ੀਏ 'ਤੇ ਧੱਕੀ ਰੱਖਿਆ ਹੈ। ਜਿੰਨ੍ਹਾਂ ਨਿਮਾਣਿਆਂ-ਨਿਤਾਣਿਆਂ ਗ਼ਰੀਬ ਸਿੱਖਾਂ ਨੂੰ ਗੁਰੂ ਸਾਹਿਬਾਨ ਨੇ ਗਲ ਨਾਲ ਲਾਇਆ ਸੀ ਤੇ ਸਿੱਖ ਧਰਮ ਪ੍ਰਤੀ ਉਨ੍ਹਾਂ ਦੀ ਸਮਰਪਣ ਭਾਵਨਾ ਨੂੰ ਵੇਖਦਿਆਂ 'ਰੰਗਰੇਟੇ ਗੁਰੂ ਕੇ ਬੇਟੇ' ਕਹਿ ਕੇ ਸਨਮਾਨ ਦਿੱਤਾ ਸੀ। ਅੱਜ ਬਾਬਾ ਜੀਵਨ ਸਿੰਘ ਦੇ ਉਨ੍ਹਾਂ ਹੀ ਵਾਰਸ ਗ਼ਰੀਬ ਰੰਗਰੇਟੇ ਸਿੱਖਾਂ ਨੂੰ ਸਿੱਖ ਸੰਸਥਾਵਾਂ

'ਤੇ ਕਾਬਜ਼ ਪੂੰਜੀਪਤੀ ਕੁਲੀਨ ਵਰਗ ਵਲੋਂ ਜਾਤੀ ਆਧਾਰ 'ਤੇ ਧਾਰਮਿਕ ਤੇ ਸਮਾਜਿਕ ਵਿਤਕਰੇ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਕਹਾਣੀ ਇਸ ਵਰਤਾਰੇ ਨੂੰ ਸਿੱਖੀ ਲਈ ਖ਼ਤਰਨਾਕ ਸਿੱਧ ਕਰਦੀ ਹੋਈ ਤਰਕ ਸਿਰਜਦੀ ਹੈ ਕਿ ਸਿੱਖ ਧਾਰਮਿਕ ਤੇ ਸਿੱਖਿਆ ਸੰਸਥਾਵਾਂ ਨੂੰ ਚਾਹੀਦਾ ਸੀ ਕਿ ਉਹ ਗ਼ਰੀਬ-ਕਿਰਤੀ ਵਰਗ ਦੇ ਬੱਚਿਆਂ ਨੂੰ ਸਿੱਖਿਆ ਦੇ ਕੇ ਇਸ ਕਾਬਿਲ ਬਣਾਉਂਦੀਆਂ ਕਿ ਉਹ ਰੁਜ਼ਗਾਰ ਪ੍ਰਾਪਤੀ ਦੇ ਨਾਲ-ਨਾਲ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਉਸੇ ਸ਼ਿੱਦਤ ਨਾਲ ਕੰਮ ਕਰਦੇ ਜਿਸ ਤਰ੍ਹਾਂ ਇਸ ਵਰਗ ਦੇ ਮਹਾਨ ਸਿੱਖ ਸ਼ਹੀਦਾਂ ਨੇ ਕੀਤਾ ਸੀ। ਅਜਿਹਾ ਕਰਨ ਨਾਲ ਨਾ-ਕੇਵਲ ਦਿਨੋ-ਦਿਨ ਸਿੱਖਾਂ ਦੀ ਘਟਦੀ ਜਾਂਦੀ ਗਿਣਤੀ ਨੂੰ ਰੋਕਿਆ ਜਾ ਸਕਦਾ ਸੀ ਸਗੋਂ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕਦੀ ਸੀ ਪਰੰਤੂ ਧਾਰਮਿਕ ਠੇਕੇਦਾਰਾਂ ਦੇ ਸਿੱਖ ਕੁਲੀਨ ਵਰਗ ਵਲੋਂ ਜਾਤ ਦੇ ਅਧਾਰ 'ਤੇ ਗ਼ਰੀਬ-ਕਿਰਤੀ ਸਿੱਖਾਂ ਨਾਲ ਕੀਤੇ ਜਾਂਦੇ ਧਾਰਮਿਕ ਅਤੇ ਸਮਾਜਿਕ ਵਿਤਕਰੇ ਕਾਰਨ ਨਾ-ਕੇਵਲ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿਚ ਜਾਤ ਦੇ ਅਧਾਰ 'ਤੇ ਵੱਖ-ਵੱਖ ਗੁਰਦੁਆਰੇ ਸਥਾਪਤ ਹੋਏ ਹਨ ਸਗੋਂ ਬਹੁਤ ਸਾਰੇ ਗ਼ਰੀਬ ਸਿੱਖ ਪਰਿਵਾਰ ਧਾਰਮਿਕ ਤੇ ਸਮਾਜਕ ਬਰਾਬਰੀ ਲਈ ਸਿੱਖ ਧਰਮ ਨੂੰ ਛੱਡ ਕੇ ਹੋਰ ਧਰਮਾਂ ਜਾਂ ਡੇਰਿਆਂ ਨਾਲ ਜੁੜ ਰਹੇ ਹਨ। ਕਹਾਣੀ 'ਕੀ ਕਰਾਂ ?' ਦਾ ਮੇਹਰ ਸਿੰਘ ਮਜ਼ਬੀ-ਸਿੱਖ ਅਜਿਹੇ ਸਿੱਖ ਪਰਿਵਾਰਾਂ ਦਾ ਪ੍ਰਤੀਨਿਧ ਪਾਤਰ ਹੈ ਜੋ ਜਾਤ ਦੇ ਆਧਾਰ 'ਤੇ ਹੁੰਦੇ ਵਿਤਕਰੇ ਕਾਰਨ 'ਮਸੀਹ ਧਰਮ' ਨੂੰ ਆਪਣਾ ਰਹੇ ਹਨ। ਇਸ ਕਹਾਣੀ ਦੀ ਪਾਤਰ 'ਕਿਰਨ' ਮੇਹਰ ਸਿੰਘ ਜਿਹੇ ਸਿੱਖਾਂ ਵਲੋਂ 'ਮਸੀਹੀ ਧਰਮ' ਨੂੰ ਗ੍ਰਹਿਣ ਕਰਨ ਦੀ ਪਿੱਠ ਭੂਮੀ ਵਿਚਲੇ ਕਾਰਨਾਂ ਦੀ ਨਿਸ਼ਾਨਦੇਹੀ ਕਰਦੀ ਹੋਈ ਕਹਿੰਦੀ ਹੈ:

> " ਮੈਨੂੰ ਦੀਪੋ ਨਾਲ ਖ਼ਾਸ ਈ ਲਗਾਅ ਸੀ। ਇਸ ਲਗਾਅ ਦਾ ਕਾਰਨ ਦੀਪੋ ਦੇ ਬਾਪ ਮੇਹਰ ਸਿੰਘ ਦਾ ਪੂਰਨ ਅੰਮ੍ਰਿਤਧਾਰੀ ਗੁਰਸਿੱਖ ਹੋਣਾ ਸੀ। ਜੱਟਾਂ ਨਾਲ ਸੀਰੀ ਸਾਂਝੀ ਦਾ ਕੰਮ ਕਰਨ ਵਾਲੇ ਮੇਹਰ ਸਿੰਘ ਦੀ ਕੁੜੀ ਦੀਪੋ ਬਾਪ ਦੀ ਗ਼ਰੀਬੀ ਕਾਰਨ ਦਸਵੀਂ ਤੋਂ ਅੱਗੇ ਪੜ੍ਹਾਈ ਜਾਰੀ ਨਹੀਂ ਰੱਖ ਸਕੀ। ਮੇਹਰ ਸਿੰਘ ਦੀ ਪੱਕੀ ਸਿੱਖੀ ਉਸ ਦਾ ਕੱਚਾ ਢਾਰਾ ਵੀ ਪੱਕਾ ਨਹੀਂ ਸੀ ਕਰ ਸਕੀ। ਮੈਂ ਉਦੋਂ ਵਧੇਰੇ ਹੈਰਾਨ ਹੁੰਦੀ ਜਦੋਂ ਕੁੜੀਆਂ ਦੀਪੋ ਕਿਆਂ ਦੀ ਸਿੱਖੀ ਦਾ ਮਜ਼ਾਕ ਉਡਾਉਂਦੀਆਂ। ਇਹਨਾਂ ਦਿਨਾਂ ਵਿਚ ਪਿੰਡ ਵਿਚ ਵਗੀ ਨਵੀਂ ਵਾਅ ਕਰਕੇ ਵਿਹੜੇ ਦੇ ਕਈ ਘਰਾਂ ਨੇ ਬਾਬੇ ਨਾਨਕ ਦੀਆਂ ਤਸਵੀਰਾਂ ਲਾਹ ਕੇ ਸਲੀਬ ਦੇ ਨਿਸ਼ਾਨ ਟੰਗ ਲਏ ਸਨ।'ਪਰਮੇਸ਼ਵਰ' ਵਾਲਿਆਂ ਨੇ ਵਿਹੜੇ ਦੇ ਕਈ ਘਰ ਪੱਕੇ ਬਣਾ ਦਿੱਤੇ ਸਨ। ਮੇਹਰ ਸਿੰਘ ਵੀ ਮੇਹਰ ਮਸੀਹ ਬਣ ਗਿਆ ਸੀ। ਉਹਨਾਂ ਦੀ ਅਰਦਾਸ, ਪ੍ਰੇਅਰ ਵਿਚ ਤਬਦੀਲ ਹੋ ਗਈ ਸੀ। ਮੈਂ ਸੋਚਦੀ ਮੇਹਰ ਸਿੰਘ ਵਰਗਿਆਂ ਦੀਆਂ ਕੁੜੀਆਂ ਮੁੰਡਿਆਂ ਨੂੰ ਪੜ੍ਹਾ ਕੇ ਹੀ ਤਾਂ ਸਿੱਖੀ ਪ੍ਰਫੁਲਿਤ ਹੋ ਸਕਦੀ ਐ। ਇਹ ਬਾਬੇ ਆਏ ਦਿਨ ਕਿਸੇ ਨਵੇਂ ਪਿੰਡ ਵਿਚ ਸਕੂਲ ਖੋਹਲੀ ਜਾਂਦੇ ਨੇ। ਧਰਮ ਦੀ ਸਿੱਖਿਆ ਦੇ ਨਾਂ ਹੇਠ ਵੱਡਾ ਸਾਮਰਾਜ। ਧਰਮ ਦੀ ਇਸ ਸਿਖਿਆ ਵਿਚ ਚਾਚੇ ਮੇਹਰ ਸਿੰਘ ਵਰਗੇ ਅਸਲੀ ਧਰਮੀ ਕਿਥੇ ਹਨ ?"8

ਇਉਂ ਕਹਾਣੀ ਦੇ ਇਹ ਬਿਰਤਾਂਤਕ ਵੇਰਵੇ ਜਿਥੇ ਸਿੱਖ ਧਰਮ ਵਿਚ ਆਪੇ ਬਣੇ ਧਰਮ ਦੇ ਠੇਕੇਦਾਰਾਂ ਅਤੇ ਰਾਜਨੀਤਿਕ ਲੀਡਰਾਂ ਦੇ ਕੁਲੀਨ ਵਰਗ ਦੁਆਰਾ ਸਿੱਖ ਧਰਮ ਦੇ ਕੇਂਦਰੀ ਸੂਤਰ 'ਸਰਬੱਤ ਦੇ ਭਲੇ' ਨੂੰ ਦਰਕਿਨਾਰ ਕਰ ਕੇ ਸਿਰਫ਼ ਆਪਣਾ ਹੀ ਭਲਾ ਕਰਨ

ਵਾਲੇ ਵਰਤਾਰੇ ਦੇ ਕਰੂਰ ਯਥਾਰਥ ਨੂੰ ਪਾਠਕ ਦੇ ਸਾਹਮਣੇ ਲਿਆਉਂਦੇ ਹਨ ਉੱਥੇ ਮਸੀਹੀ ਧਰਮ ਦੀ ਸੰਸਥਾ ਵਲੋਂ 'ਮਸੀਹੀ ਧਰਮ' ਦੇ ਪੈਰੋਕਾਰ ਬਣ ਰਹੇ ਲੋਕਾਂ ਦੇ ਬੱਚਿਆਂ ਨੂੰ ਦਿੱਤੀ ਜਾ ਰਹੀ ਮੁਫ਼ਤ ਤੇ ਮਿਆਰੀ ਸਿੱਖਿਆ ਅਤੇ ਪਰਿਵਾਰਾਂ ਨੂੰ ਦਿੱਤੀ ਜਾ ਰਹੀ ਆਰਿਥਕ ਮੱਦਦ ਤੇ ਬਿਨਾਂ ਕਿਸੇ ਜਾਤੀ ਭੇਦਭਾਵ ਤੋਂ ਧਾਰਿਮਕ ਅਤੇ ਸਮਾਜਿਕ ਸਮਾਨਤਾ ਕਾਰਨ ਸਿੱਖ ਧਰਮ ਵਿਚ ਹਾਸ਼ੀਏ 'ਤੇ ਧੱਕੇ ਦਲਿਤ ਵਰਗ ਵੱਲੋਂ ਮਸੀਹੀ ਧਰਮ ਗ੍ਰਹਿਣ ਕਰਨ ਦੇ ਤਰਕ ਵੀ ਸਿਰਜਦੇ ਹਨ। ਕਹਾਣੀ ਇਹ ਵੀ ਸੰਚਾਰ ਕਰਦੀ ਹੈ ਕਿ ਸਿੱਖੀ ਦੇ ਅਸਲੀ ਸਿਧਾਂਤਾਂ ਦੀ ਸਥਾਪਤੀ ਤਾਂ ਹੀ ਹੋ ਸਕਦੀ ਹੈ ਜੇਕਰ ਧਰਮੀ ਸਿੱਖ ਪੂੰਜੀਪਤੀ ਕੁਲੀਨ ਵਰਗ ਦੀ ਧਾਰਮਿਕ ਸੱਤਾ ਨੂੰ ਤੋੜਨ ਲਈ ਜਥੇਬੰਦਕ ਸੰਘਰਸ਼ ਸ਼ੁਰੂ ਕਰਨ ਦਾ ਨਿਸ਼ਚਾ ਕਰ ਲੈਣ ਤੇ ਆਪਣੇ ਹੱਕਾਂ ਦੀ ਪ੍ਰਾਪਤੀ ਅਤੇ ਧਾਰਮਿਕ-ਸਮਾਜਿਕ ਬਰਾਬਰੀ ਲਈ ਲਾਮਬੰਦ ਹੋ ਜਾਣ।

ਪੰਜਾਬ ਦੇ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਵਿਚੋਂ ਆਪਣੇ ਤੀਜੇ ਹਿੱਸੇ ਦੀ ਜ਼ਮੀਨ ਦੇ ਸੰਵਿਧਾਨਿਕ ਹੱਕ ਦੀ ਪ੍ਰਾਪਤੀ ਲਈ ਪੇਂਡੂ ਰਾਖਵੀਆਂ ਸ਼੍ਰੇਣੀਆਂ ਅਤੇ ਘੱਟ ਤੇ ਬੇਜ਼ਮੀਨੇ ਕਿਸਾਨ ਵਰਗ ਵੱਲੋਂ ਲੜੇ ਜਾ ਰਹੇ ਜਥੇਬੰਦਕ ਸੰਘਰਸ਼ ਦੇ ਯਥਾਰਥਕ ਵੇਰਵਿਆਂ ਨੂੰ ਕਹਾਣੀ 'ਛਿਲਤਰਾਂ' ਸਮੱਗਰ ਰੂਪ ਵਿਚ ਪ੍ਰਸਤੁਤ ਕਰਦੀ ਹੈ। ਇਹ ਕਹਾਣੀ ਪੰਜਾਬ ਦੇ ਮਾਲਵਾ ਖੇਤਰ ਵਿਚ ਪੇਂਡੂ ਪੰਚਾਇਤੀ ਜ਼ਮੀਨਾਂ ਵਿਚੋਂ ਆਪਣੇ ਤੀਜੇ ਹਿੱਸੇ ਦੀ ਜ਼ਮੀਨ ਦਾ ਸੰਵਿਧਾਨਿਕ ਹੱਕ ਪ੍ਰਾਪਤ ਕਰਨ ਲਈ ਵਿਦਿਆਰਥੀਆਂ ਅਤੇ ਘੱਟ ਤੇ ਬੇਜ਼ਮੀਨੇ ਕਿਸਾਨਾਂ ਦੀਆਂ ਜਥੇਬੰਦੀਆਂ ਦੇ ਸਹਿਯੋਗ ਨਾਲ ਰਾਖਵੀਆਂ ਸ਼੍ਰੇਣੀਆਂ ਵਲੋਂ ਪੰਚਾਇਤੀ ਜ਼ਮੀਨ 'ਤੇ ਕਾਬਿਜ ਧਨੀ-ਕਿਸਾਨੀ ਵਿਰੁੱਧ ਲੜੇ ਜਾ ਰਹੇ ਜਥੇਬੰਦਕ ਸੰਘਰਸ਼ ਨੂੰ ਪਿੱਠਭੂਮੀ ਵਿਚ ਰੱਖ ਕੇ ਆਪਣਾ ਬਿਰਤਾਂਤਕ ਸੰਸਾਰ ਸਿਰਜਦੀ ਹੈ। ਕਹਾਣੀ ਵਿਚਲੇ ਬਿਰਤਾਂਤਕ ਵੇਰਵਿਆਂ ਤੋਂ ਸਪਸ਼ੱਟ ਹੁੰਦਾ ਹੈ ਕਿ ਕਹਾਣੀ ਦਾ ਮੁੱਖ ਪਾਤਰ 'ਦੇਵ' ਪਿੰਡ ਵਿਚ ਜ਼ਿਮੀਦਾਰਾਂ ਨਾਲ ਸੀਰੀ-ਸਾਂਝੀ ਰਲਦੇ ਖੇਤ ਮਜਦੂਰਾਂ ਦੀ ਨੁਮਾਇੰਦਗੀ ਕਰਦਾ ਹੈ। ਕਹਾਣੀ ਵਰਤਮਾਨ ਕਾਲ ਵਿਚ ਦਲਿਤ ਵਰਗ ਵੱਲੋਂ ਪਿੰਡ ਦੀ ਪੰਚਾਇਤੀ ਜ਼ਮੀਨ ਵਿਚੋਂ ਆਪਣਾ ਤੀਜਾ ਹਿੱਸਾ ਲੈਣ ਲਈ ਕੀਤੇ ਜਾ ਰਹੇ ਸੰਘਰਸ਼ ਦੌਰਾਨ ਪਿੰਡ ਦੀ ਪੰਚਾਇਤੀ ਜ਼ਮੀਨ 'ਤੇ ਕਾਬਜ਼ ਧਨੀ-ਕਿਸਾਨ ਖੱਬਲ ਸਿਰੀਏ ਕਿਆਂ ਵੱਲੋਂ ਕੀਤੇ ਤਸ਼ੱਦਦ ਨਾਲ ਦਲਿਤ ਔਰਤ ਮਹਿੰਦਰ ਕੌਰ ਦੀ ਹੋਈ ਮੌਤ ਤੋਂ ਆਰੰਭ ਹੋ ਕੇ ਭੂਤਕਾਲ ਵਿਚ ਫ਼ੈਲਦੀ ਹੈ। ਖੱਬਲ ਸਿਰੀਆਂ ਵਰਗੇ ਧਨੀ ਕਿਸਾਨ ਜੋ ਪਹਿਲਾਂ ਹੀ ਆਪਣੀ ਉਚ ਜਾਤੀ ਹੈਂਕੜ ਕਰਕੇ ਪਿੰਡ ਦੇ ਦਲਿਤ ਵਰਗ ਨਾਲ ਜਾਤ ਦੇ ਆਧਾਰ 'ਤੇ ਭੇਦਭਾਵ ਕਰਕੇ ਉਹਨਾਂ ਦਾ ਸਮਜਿਕ ਅਤੇ ਆਰਿਥਕ ਸ਼ੋਸ਼ਣ ਕਰਦੇ ਹਨ, ਉਹ ਪੰਚਾਇਤੀ ਜ਼ਮੀਨ ਵਿਚੋਂ ਦਲਿਤਾਂ ਦੇ ਆਪਣਾ ਹੱਕ ਮੰਗਣ ਕਰਕੇ ਹੋਰ ਉਗਰ ਰੂਪ ਵਿਚ ਸਾਹਮਣੇ ਆਉਂਦਾ ਹੈ। ਖੱਬਲ ਸਿਰੀਏ ਆਪਣੀ ਕਿੜ ਕੱਢਣ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਨੂੰ ਤਾਰੋਪੀਡ ਕਰਨ ਲਈ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਨਾ-ਕੇਵਲ ਕੁੱਟਦੇ-ਮਾਰਦੇ ਹਨ ਸਗੋਂ ਉਹਨਾਂ 'ਤੇ ਨਜਾਇਜ਼ ਪੁਲਿਸ ਕੇਸ ਦਰਜ਼ ਕਰਵਾ ਕੇ ਜੇਲਾਂ ਵਿਚ ਵੀ ਸੁੱਟ ਦਿੰਦੇ ਹਨ। ਅਸਲ ਵਿਚ "ਕਾਨੂੰਨ ਅਨੁਸਾਰ ਦਲਿਤ ਸਮਾਜ ਲਈ ਪੰਚਾਇਤੀ ਜ਼ਮੀਨ ਲਈ ਰਾਖਵੇਂ ਤੀਜੇ ਹਿੱਸੇ 'ਤੇ ਕਾਬਜ਼ ਧਨੀ ਕਿਸਾਨੀ ਕਿਸੇ ਵੀ ਕੀਮਤ 'ਤੇ ਇਹ ਕਬਜਾ ਛਡਣਾ ਨਹੀਂ ਚਾਹੁੰਦੀ। ਪਿੰਡਾਂ ਦੇ ਧਨਾਢ ਕਿਸਾਨ ਦਲਿਤ ਲੋਕਾਂ ਦੇ ਹੱਕਾਂ ਦੀ ਅਵਾਜ਼ ਨੂੰ ਪੈਸੇ, ਬਾਹੂਬਲ ਤੇ ਸੱਤਾ ਨਾਲ ਭਾਈਵਾਲੀ ਦੇ ਜ਼ੋਰ 'ਤੇ ਦਬਾ ਦੇਣਾ ਚਾਹੁੰਦੇ ਹਨ। ਇਸ ਟਕਰਾਉ ਵਿਚ ਦਲਿਤ ਔਰਤ ਮਹਿੰਦਰ ਕੌਰ ਤੋਂ ਬਾਦ ਭਾਵੇਂ ਮਜ਼ਦੂਰ ਜਮਾਤ ਵਿਚ ਪੈਦਾ ਹੋਇਆ ਰੋਹ ਉਹਨਾਂ ਲਈ 'ਕਰੋ ਜਾਂ ਮਰੋ' ਦੀ ਲੜਾਈ ਦਾ ਰੂਪ ਧਾਰਨ ਕਰ ਲੈਂਦਾ ਹੈ ਪਰ ਧਨਾਢ ਲੋਕਾਂ

ਦੀ ਪਿੱਠ 'ਤੇ ਸੱਤਾ ਦਾ ਹੱਥ ਹੋਣ ਕਾਰਨ ਇਹ ਲੜਾਈ ਅਜੇ ਵੀ ਉਹਨਾਂ ਲਈ ਬਹੁਤ ਲੰਮੀ ਹੈ।"9 ਸਪੱਸ਼ਟ ਹੈ, ਧਨੀ ਕਿਸਾਨ ਤੇ ਸੱਤਾਧਾਰੀ ਵਰਗ ਦੇ ਗੱਠਜੋੜ ਕਾਰਨ ਪਿੰਡ ਦੀਆਂ ਰਾਖਵੀਆਂ ਸ਼੍ਰੇਣੀਆਂ ਅਤੇ ਘੱਟ ਤੇ ਬੇਜ਼ਮੀਨੇ ਕਿਸਾਨਾਂ ਲਈ ਆਪਣੇ ਹੱਕਾਂ ਦੀ ਪ੍ਰਾਪਤੀ ਕਰਨਾ ਇਨਾਂ ਸਹਿਲ ਤਾਂ ਨਹੀਂ ਪਰੰਤੂ ਨਾਮੁਮਕਿਨ ਵੀ ਨਹੀਂ। ਇਸੇ ਲਈ ਆਪਣੇ ਕਾਨੂੰਨੀ ਹੱਕਾਂ ਦੀ ਪ੍ਰਾਪਤੀ ਲਈ ਜਥੇਬੰਦਕ ਸੰਘਰਸ਼ ਨੂੰ ਆਖ਼ਰੀ ਦਮ ਤੱਕ ਲੜਦੇ ਰਹਿਣ ਲਈ ਇਸ ਕਹਾਣੀ ਦਾ ਪਾਤਰ ਦਿਆਲੀ ਕਹਿੰਦਾ ਹੈ:

> "ਬਾਈ, ਲੜੀ ਜਾਨੇ ਆਂ ਲੜਾਈ ਕੋਈ ਛੋਟੀ ਨੀ। ਸਮਝ ਲੈ ਬੜੀ ਲੰਮੀ ਜੰਗ ਆ। ਹੁਣ ਲੜ ਰਹੇ ਆਂ। ਜੇ ਕੁੱਛ ਗਵਾਵਾਂਗੇ ਤਾਂ ਬੜਾ ਕੁੱਛ ਪਾਵਾਂਗੇ ਵੀ। ਹੋ ਸਕਦਾ ਕੁੱਛ ਮਿਲੇ ਈ ਨਾ, ਸਾਰਾ ਕੁੱਛ ਗੰਵਾਉਣਾ ਈ ਪੈ ਜੇ। ਪਰ ਲੜਾਈ ਤਾਂ ਫਿਰ ਵੀ ਲੜਨੀ ਈ ਚਾਹੀਦੀ ਐ ਕੀ ਕਹਿਨੈ ਬਾਈ ? ਲੜਨੀ ਚਾਹੀਦੀ ਐ ਕਿ ਨਈਂ ?"10

ਇਸੇ ਤਰ੍ਹਾਂ ਲੋਕ ਦੁਸ਼ਮਣਾ ਵਿਰੁੱਧ ਜਥੇਬੰਦਕ ਸੰਘਰਸ਼ ਲੜ ਰਹੇ ਲੋਕਾਂ ਦੇ ਯਥਾਰਥਕ ਜੀਵਨ ਵੇਰਵਿਆਂ ਨੂੰ ਕਹਾਣੀ 'ਤੂੰ ਜਾ ਡੈਡੀ' ਆਪਣੇ ਵਸਤੂ ਵਜੋਂ ਗ੍ਰਹਿਣ ਕਰਦੀ ਹੈ। ਇਹ ਕਹਾਣੀ ਸੰਚਾਰ ਕਰਦੀ ਹੈ ਕਿ ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚਲੇ ਪਦਾਰਥਕ ਤੇ ਦੇਹੀ ਸੁਖਾਂ ਦੁਆਲੇ ਉਸਰੇ ਸਮਾਜ-ਸਭਿਆਚਾਰਕ ਪਰਿਵੇਸ਼ ਵਿਚ ਸਰਮਾਏਦਾਰਾਂ, ਦਲਾਲਾਂ, ਪ੍ਰਸ਼ਾਸ਼ਨਿਕ ਅਧਿਕਾਰੀਆਂ ਤੇ ਰਾਜਨੀਤਿਕ ਲੀਡਰਾਂ ਦੇ ਸਿਆਸੀ ਗੱਠਜੋੜ ਨੇ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾਇਆ ਹੋਇਆ ਹੈ। ਇਸ ਸਿਆਸੀ ਗੱਠਜੋੜ ਦੇ ਨਾਲ-ਨਾਲ ਪੰਜਾਬੀ ਕਲਾਕਾਰਾਂ ਵੱਲੋਂ ਆਪਣੇ ਗੀਤਾਂ ਵਿਚ ਵਰਤੀ ਜਾਂਦੀ ਭੱਦੀ ਤੇ ਅਸ਼ਲੀਲ ਸ਼ਬਦਾਵਲੀ, ਵਿਖਾਈਆਂ ਜਾਂਦੀਆਂ ਵੱਡੀਆਂ-ਵੱਡੀਆਂ ਜੀਪਾਂ-ਕਾਰਾਂ, ਮੋਟਰ-ਸਾਇਕਲ, ਹਥਿਆਰ, ਨਸ਼ਾ ਤੇ ਲੱਚਰਤਾ ਅੱਗ 'ਤੇ ਤੇਲ ਦਾ ਕੰਮ ਕਰ ਰਹੇ ਹਨ। ਕਹਾਣੀ ਵਿਚਲੇ ਬਿਰਤਾਂਤਕ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਨਿਮਨ-ਕਿਸਾਨੀ ਪਰਿਵਾਰ ਦਾ ਕਾਮਰੇਡ 'ਧਰਮ ਸਿੰਘ' ਆਪਣਾ ਸਾਰਾ ਜੀਵਨ ਲੋਕ ਹੱਕਾਂ ਦੀ ਪ੍ਰਾਪਤੀ ਲਈ ਲੜਦਾ ਰਿਹਾ ਹੈ ਪਰੰਤੂ ਅਜੋਕੇ ਦੌਰ ਦੇ ਪਦਾਰਥਕ ਬਹੁਲਤਾ ਵਾਲੇ ਸਭਿਆਚਾਰ ਦੀ ਗਰਿਫ਼ਤ ਵਿਚ ਆਏ ਉਸ ਦੇ ਮੁੰਡੇ 'ਪ੍ਰਕਾਸ਼' ਲਈ ਜ਼ਿੰਦਗੀ ਦੇ ਅਰਥ ਕਾਰਾਂ ਦੀ ਘੂੰ-ਘੂੰ, ਬੁਲਟ ਮੋਟਰ ਸਾਇਕਲ ਦੀ ਦੁੱਗ-ਦੁੱਗ, ਮਹਿੰਗੇ ਮੋਬਾਇਲ ਫੋਨ, ਲਫੰਡਰਬਾਜ਼ੀ, ਅਵਾਰਾਗਰਦੀ, ਐਸ਼ਪ੍ਰਸਤੀ ਤੇ ਨਸ਼ਿਆਂ ਦੇ ਸੇਵਨ 'ਚੋਂ ਪ੍ਰਾਪਤ ਹੁੰਦੀ ਮਸਨੂਈ ਮਸਤੀ ਤੱਕ ਹੀ ਮਹਿਦੂਦ ਹੋ ਗਏ ਹਨ। "ਇਕ ਪਾਸੇ ਪ੍ਰਕਾਸ਼ ਦਾ ਪਿਉ ਸੰਘਰਸ਼ ਦੇ ਰਾਹ ਪੈ ਦੇਸ਼ ਅੰਦਰ ਇਨਕਲਾਬ ਲਿਆਉਣ ਦੀਆਂ ਗੱਲਾਂ ਕਰਦਾ ਹੈ ਤੇ ਪੁੱਤਰ ਨਸ਼ਿਆਂ ਦੇ ਇਨਕਲਾਬ ਵਿਚ ਪੈ ਦੇਸ਼ ਨੂੰ ਬਰਬਾਦ ਕਰਨ 'ਤੇ ਲੱਗਾ ਹੈ। ਨਾਜਾਇਜ਼ ਕਬਜ਼ੇ ਛਡਾਉਣ ਵਾਲਿਆਂ ਦੀ ਔਲਾਦ ਜਰਵਾਣਿਆਂ ਦੇ ਕਬਜ਼ੇ ਕਰਵਾਉਣ ਦੇ ਰਾਹ ਤੁਰ ਪੈਂਦੀ ਹੈ। ਪ੍ਰਕਾਸ਼ ਅਤੇ ਭਿੰਦੇ ਵਰਗੇ ਬੇਰੁਜ਼ਗਾਰ ਨੌਜਵਾਨਾਂ ਦਾ ਭੱਟਕਣ ਦੀ ਰਾਹ ਪੈ ਨਸ਼ਿਆਂ ਦਾ ਸ਼ਿਕਾਰ ਹੋਣਾ ਸਮੇਂ ਦੀ ਨਜ਼ਾਕਤ ਨੂੰ ਵੀ ਦਰਸਉਂਦਾ ਹੈ, ਜਿਸ ਵਿਚ ਅਖੌਤੀ ਸਮਾਜ ਸੇਵੀ ਸਰਪੰਚ ਤੇ ਕ੍ਰਿਪਾਲ ਸਿਹੁੰ ਕਾਪੇ ਵਰਗੇ ਪੇਂਡੂ ਖੇਡ ਮੇਲਿਆਂ 'ਤੇ ਖ਼ੂਨਦਾਨ ਕੈਂਪਾ ਦੀ ਆੜ ਵਿਚ ਨਸ਼ਿਆਂ ਦਾ ਧੰਦਾ ਚਲਾ ਅੰਨ੍ਹੀ ਕਮਾਈ ਕਰਨ 'ਤੇ ਲੱਗੇ ਹਨ।"11 ਇਸ ਦੇ ਬਾਵਜੂਦ ਕਹਾਣੀ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਇਸ ਦੇ ਮੁੱਖ ਪਾਤਰ 'ਪ੍ਰਕਾਸ਼' ਵੱਲੋਂ ਆਪਣੇ ਘਰ-ਪਰਿਵਾਰ ਨੂੰ ਬਰਬਾਦ ਕਰਨ, ਆਪਣੇ ਪਿਤਾ ਕਾਮਰੇਡ ਧਰਮ ਸਿੰਘ ਦਾ ਇਨਕਲਾਬੀ ਸਿਰ

ਲੋਕ ਦੁਸ਼ਮਣਾ ਅੱਗੇ ਨਿਵਾਉਣ ਤੇ ਆਪ ਮੌਤ ਦੇ ਮੂੰਹ ਵਿਚ ਆਉਣ ਤੋਂ ਬਾਅਦ ਉਸ ਨੂੰ ਆਪਣੇ ਅਤੇ ਆਪਣੇ ਪਿਤਾ ਦੇ ਇਨਕਲਾਬੀ ਰਾਹ ਵਿਚਲੇ ਅੰਤਰ ਦਾ ਅਹਿਸਾਸ ਹੁੰਦਾ ਹੈ। ਇਸ ਅਹਿਸਾਸ ਤੋਂ ਬਾਅਦ ਨਾ-ਕੇਵਲ ਪ੍ਰਕਾਸ਼ ਦੇ ਆਪਣੇ ਅੰਦਰ ਲੋਕ-ਦੁਸ਼ਮਣਾ ਵਿਰੁੱਧ ਜਥੇਬੰਦਕ ਸੰਘਰਸ਼ ਕਰਨ ਦਾ ਰੋਹ ਜਾਗਦਾ ਹੈ ਸਗੋਂ ਉਹ ਆਪਣੇ ਪਿਤਾ ਨੂੰ ਵੀ ਆਪਣੇ ਉਸ ਇਨਕਲਾਬੀ ਰਾਹ 'ਤੇ ਤੁਰਨ ਲਈ ਕਹਿੰਦਾ ਹੈ, ਜਿਸ 'ਤੇ ਉਹ ਸਾਰਾ ਜੀਵਨ ਤੁਰਦਾ ਰਿਹਾ ਹੈ:

> " ਸੱਚੀ ਡੈਡੀ, ਤੁਸੀਂ ਸਹਾਰਾ ਦੇਈ ਰੱਖਿਆ, ਕੋਈ ਕਿੰਦਾ-ਭਿੰਦਾ ਨਹੀਂ ਮਰਦਾ। ਨਾਲੇ ਹਾਅ ਝੰਡੀ ਜਹੀ ਫੜਾਈਂ ਕੇਰਾਂ ਮੈਨੂੰ ਵੀ। ਹੂੰ ! ਹਾਅ ! ਘਬਰਾ ਨਾ ਡੈਡੀ। ਉਕਾ ਨਾ ਘਬਰਾ। ਕੁਝ ਨਹੀਂ ਹੁੰਦਾ ਮੈਨੂੰ! ਅਹੁ ਸੂਰਜ ਵੱਲੀਂ ਵੇਖ। ਦੱਗਦਾ ਪਿਆ ਏ ਕਿ ਨਹੀਂ ? ਤੂੰ ਵੀ ਸੂਰਜ ਏਂ ਡੈਡੀ। ਹੁਣ ਤੂੰ ਹੀ ਦੱਸ, ਸੂਰਜ ਦੇ ਹੁੰਦਿਆਂ ਸੁੰਦਿਆਂ ਭਲਾ ਪ੍ਰਕਾਸ਼ ਨੂੰ ਕੀ ਹੋਜੂ। ਕਿ ਹੋਜੂ ? ਤੂੰ ਆਪ ਹੀ ਤਾਂ ਆਹਨਾ ਹੁੰਨੈ, 'ਨੌਜੁਆਨ ਤਾਂ ਚਿੰਗਾੜੀ ਹੁੰਦੇ ਹਨ।' ਹੁਣ ਕੀ ਹੋਇਆ ਜੇ ਮਾੜਾ ਮੋਟਾ ਸੇਕ ਮੱਠਾ ਹੋ ਗਿਆ ਇਹਨਾਂ ਦਾ ? ਕੁਝ ਨਹੀਂ ਹੁੰਦਾ ਇਹਨਾਂ ਚੰਗਿਆੜੀਆਂ ਨੂੰ। ਤੂੰ ਵੇਖੀਂ ਇਹ ਤਾਂ ਲੱਟ-ਲੱਟ ਬਲਣਗੀਆਂ ਥੋਡੇ ਵਾਂਗੂੰ। ਤੂੰ ਜਾ ਡੈਡੀ! ਜਾਹ ਰਲ ਜਾ, ਜਾ ਕੇ ਆਵਦੇ ਟੋਲੀਵਾਲਾਂ ਨਾਲ।"12

ਇਸੇ ਤਰ੍ਹਾਂ ਕਹਾਣੀ 'ਅਲਵਿਦਾ ਬਿੱਕਰ ਸਿੰਘ' ਵੀ ਲੋਕ-ਹਿੱਤਾਂ ਲਈ ਲੜ੍ਹਨ ਵਾਲੇ ਪ੍ਰਤੀਬੱਧ ਕਾਮਰੇਡ ਬਿੱਕਰ ਸਿੰਘ ਦੇ ਜੀਵਨ-ਯਥਾਰਥ ਨੂੰ ਸਮੱਗਰ ਰੂਪ ਵਿਚ ਪੇਸ਼ ਕਰਦੀ ਹੈ। ਕਾਮਰੇਡ ਬਿੱਕਰ ਸਿੰਘ ਨਿਮਨ-ਕਿਸਾਨੀ ਪਰਿਵਾਰ ਤੇ ਅਧਿਆਪਕ ਵਰਗ ਵਿਚੋਂ ਆਇਆ ਕਮਿਊਨਿਸ਼ਟ ਪਾਰਟੀ ਦਾ ਅਜਿਹਾ ਪ੍ਰਤੀਬੱਧ ਵਰਕਰ ਹੈ ਜੋ ਇਮਾਨਦਾਰੀ ਨਾਲ ਲੋਕ ਹਿੱਤਾਂ ਲਈ ਸਾਰਾ ਜੀਵਨ ਲੜਦਾ ਰਹਿੰਦਾ ਹੈ ਪਰੰਤੂ ਪਾਰਟੀ ਦਾ ਉਪਰਲਾ ਕਾਡਰ ਉਸ ਦੀ ਕਦਰ ਨਹੀਂ ਪਾਉਂਦਾ। ਅਸਲ ਵਿਚ ਦੂਜੀਆਂ ਰਵਾਇਤੀ ਰਾਜਨੀਤਿਕ ਪਾਰਟੀਆਂ ਵਾਂਗ ਕਮਿਊਨਿਸ਼ਟ ਪਾਰਟੀ ਵਿਚ ਵੀ ਬਿੱਕਰ ਸਿੰਘ ਵਰਗੇ ਪ੍ਰਤੀਬੱਧ ਤੇ ਇਮਾਨਦਾਰ ਵਰਕਰਾਂ ਦੀ ਥਾਂ ਭਾਈ-ਭਤੀਜਾਵਾਦ ਭਾਰੂ ਹੈ। ਇਸੇ ਕਰਕੇ ਪਾਰਟੀ ਦੇ ਉਪਰਲੇ ਕਾਡਰ ਦੇ ਸੈਕਟਰੀ ਰਘਬੀਰ ਸਿੰਘ ਵਰਗੇ ਲੀਡਰ ਲੋਕ ਹਿੱਤਾਂ ਲਈ ਸੰਘਰਸ਼ ਕਰਨ ਵਾਲੇ ਬਿੱਕਰ ਸਿੰਘ ਵਰਗੇ ਹੇਠਲੇ ਕਾਡਰ ਦੇ ਵਰਕਰਾਂ ਨੂੰ ਹਾਸ਼ੀਏ 'ਤੇ ਧੱਕੀ ਰਖਦੇ ਹਨ। ਇਹੋ ਵਜ੍ਹਾ ਹੈ ਕਿ ਬਿੱਕਰ ਸਿੰਘ ਦੀ ਲੋਕ ਹਿੱਤਾਂ ਦੀ ਬਹਾਲੀ ਲਈ ਉਪਰਲੇ ਕਾਡਰ ਦੇ ਲੀਡਰਾਂ ਨਾਲ ਅਕਸਰ ਬਹਿਸ ਹੁੰਦੀ ਰਹਿੰਦੀ ਹੈ। ਕਹਾਣੀ ਦੇ ਬਿਰਤਾਂਤਕ ਵੇਰਵਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਬਿੱਕਰ ਸਿੰਘ ਆਪਣੀ ਇਮਾਨਦਾਰੀ ਤੇ ਪ੍ਰਤੀਬੱਧਤਾ ਕਾਰਨ ਹੀ ਆਪਣੀ ਪਾਰਟੀ ਦੇ ਹਮਦਰਦ ਧੋਬੀ ਬਰਾਦਰੀ ਦੇ 'ਹਰੀਏ' ਦੀ ਧੀ ਦੇ ਹੋਏ ਬਲਾਤਕਾਰ ਦੇ ਮਾਮਲੇ ਵਿਚ ਉਸ ਨੂੰ ਪਾਰਟੀ ਦੇ ਦਬਾਅ ਨਾਲ ਇਨਸਾਫ਼ ਦਵਾਉਣਾ ਚਾਹੁੰਦਾ ਹੈ ਪਰੰਤੂ ਪਾਰਟੀ ਦਾ ਜਿਲ੍ਹਾ ਸੈਕਟਰੀ ਰਘਬੀਰ ਸਿੰਘ ਤੇ ਹੋਰ ਲੀਡਰ ਬਿੱਕਰ ਸਿੰਘ ਦਾ ਵਿਰੋਧ ਕਰਦੇ ਹਨ। ਅਸਲ ਵਿਚ ਹਰੀਏ ਦੀ ਧੀ ਨਾਲ ਬਲਾਤਕਾਰ ਕਰਨ ਵਾਲੇ ਭੱਠੇ ਵਾਲੇ ਸਰਦਾਰਾਂ ਦੇ ਮੁੰਡੇ, ਸੈਕਟਰੀ ਰਘਬੀਰ ਸਿੰਘ ਦੇ ਰਿਸ਼ਤੇਦਾਰ ਹਨ। ਉਹਨਾਂ ਨੇ ਕਈ ਵਾਰ ਪੈਸੇ ਅਤੇ ਇੱਟਾਂ ਦੇ ਰੂਪ ਵਿਚ ਪਾਰਟੀ ਦੀ ਮਦਦ ਵੀ ਕੀਤੀ ਹੈ। ਇਸ ਲਈ ਪਾਰਟੀ ਹਾਈ ਕਮਾਂਡ ਭੱਠੇ ਵਾਲੇ ਸਰਦਾਰਾਂ ਦੇ ਮੁੰਡਿਆਂ ਵਿਰੁੱਧ ਕੇਸ ਦਰਜ਼ ਕਰਵਾਉਣ ਲਈ ਸੰਘਰਸ਼ ਵਿੱਢਣ ਤੋਂ ਟਾਲਾ ਵੱਟਦੀ ਹੈ ਪਰੰਤੂ ਕਾਮਰੇਡ ਬਿੱਕਰ ਸਿੰਘ ਪਾਰਟੀ ਦੇ ਇਸ ਨਕਾਰਾਤਮਕ ਵਿਵਹਾਰ ਦੇ

ਬਾਵਜੂਦ ਭੱਠੇ ਵਾਲੇ ਸਰਦਾਰਾਂ ਦੇ ਮੁੰਡਿਆਂ 'ਤੇ ਕੇਸ ਦਰਜ਼ ਕਰਵਾਉਣ ਲਈ ਲੋਕਾਂ ਨੂੰ ਲਾਮਬੰਦ ਕਰਕੇ ਥਾਣੇ ਮੂਹਰੇ ਧਰਨਾ ਲਾ ਕੇ ਸੰਘਰਸ਼ ਸ਼ੁਰੂ ਕਰ ਦਿੰਦਾ ਹੈ। ਆਪਣੇ ਆਪ ਨੂੰ ਕਿਰਤੀਆਂ-ਕਿਸਾਨਾਂ ਦੀ ਹਮਦਰਦ ਕਹਾਉਣ ਵਾਲੀ ਕਮਿਊਨਿਸ਼ਟ ਪਾਰਟੀ ਦੇ ਦੂਹਰੇ ਕਿਰਦਾਰਾਂ ਵਾਲੇ ਅਖੌਤੀ ਕਾਮਰੇਡ ਤੇ ਸਰਮਾਏਦਾਰ ਰਘਬੀਰ ਸਿੰਘ ਵਰਗੇ ਉਪਰਲੇ ਕਾਡਰ ਦੇ ਲੀਡਰ, ਬਿੱਕਰ ਸਿੰਘ ਨੂੰ 'ਹਰੀਏ' ਵਰਗੇ ਕਿਰਤੀ ਦੀ ਮਦਦ ਨਾ ਕਰਨ ਲਈ ਧਮਕੀ ਭਰੀ ਤਾੜਨਾ ਕਰਦੇ ਹਨ। ਪਾਰਟੀ ਦਾ ਤਹਿਸੀਲ ਸੈਕਟਰੀ ਸੁਖਮੰਦਰ ਮਾਨ, ਬਿੱਕਰ ਸਿੰਘ ਨੂੰ ਕਹਿੰਦਾ ਹੈ:

> "ਮਾਸਟਰ ਜੀ! ਗੁੱਸਾ ਨਾ ਕਰਿਓ। ਤੁਸੀਂ ਕੁਝ ਜਿਆਦਾ ਈ ਆਦਰਸ਼ਵਾਦੀ ਹੋ ਜਾਨੇਓਂ। ਭਾਵਕਤਾ ਮਾੜੀ ਹੁੰਦੀ ਐ। ਭਾਵਕ ਨੀ ਹੋਈਦਾ। ਐਵੇਂ ਨਾ ਬਹੁਤਾ ਸਿਰ ਚੜ੍ਹਾਇਆ ਕਰੋ ਜਾਤਾਂ ਨੂੰ। ਇਹ ਵੱਡੀਆਂ-ਟੁੱਕੀਆਂ ਜਾਤਾਂ ਕੇਰਾਂ ਸਿਰ ਚੜ੍ਹਗੀਆਂ, ਫੇਰ ਲਾਹੁਣੀਆਂ ਔਖੀਆਂ ਹੋ ਜਾਣਗੀਆਂ।"13

ਇਉਂ ਪਾਰਟੀ ਦੇ ਉਪਰਲੇ ਕਾਡਰ ਵਲੋਂ ਤਾੜਨ ਦੇ ਬਾਵਜੂਦ 'ਹਰੀਏ' ਦੀ ਧੀ ਨੂੰ ਇਨਸਾਫ ਮਿਲਣ ਤੱਕ ਲੋਕ-ਸੰਘਰਸ਼ ਦੀ ਅਗਵਾਈ ਕਰਨ ਕਰਕੇ ਬਿੱਕਰ ਸਿੰਘ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਬਰਖਾਸਤ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਹਾਣੀ ਸਪਸ਼ਟ ਕਰਦੀ ਹੈ ਕਿ ਲੋਕਪੱਖੀ ਅਖਵਾਉਣ ਵਾਲੀਆਂ ਕਮਿਊਨਿਸ਼ਟ ਪਾਰਟੀਆਂ 'ਤੇ ਵੀ ਦੋਗਲੇ ਕਿਰਦਾਰਾਂ ਵਾਲੇ ਸਰਮਾਏਦਾਰਾਂ ਦਾ ਹੀ ਕਬਜਾ ਹੈ, ਜਿਨ੍ਹਾਂ ਦੀ ਸੱਤਾ ਨਾਲ ਸਾਂਝ-ਭਿਆਲੀ ਹੈ ਪਰੰਤੂ ਬਿੱਕਰ ਸਿੰਘ ਵਰਗੇ ਇਮਾਨਦਾਰ ਤੇ ਪ੍ਰਤੀਬੱਧ ਕਾਡਰ ਨੂੰ ਹਮੇਸ਼ਾ ਦੱਬਾਅ ਕੇ ਰੱਖਿਆ ਜਾਂਦਾ ਹੈ। ਬਿੱਕਰ ਸਿੰਘ ਵਰਗੇ ਪ੍ਰਤੀਬੱਧ ਵਰਕਰ ਜੋ ਆਪਣਾ ਸਾਰਾ ਜੀਵਨ ਪਾਰਟੀ ਦੇ ਸਿਧਾਂਤਾਂ ਅਨੁਸਾਰ ਲੋਕਹਿੱਤਾਂ ਦੀ ਬਹਾਲੀ ਲਈ ਸੰਘਰਸ਼ ਕਰਨ ਵਿਚ ਗੁਜ਼ਾਰ ਦਿੰਦੇ ਹਨ ਪਰੰਤੂ ਮੌਤ ਉਪਰੰਤ ਉਹਨਾਂ ਨੂੰ ਪਾਰਟੀ ਦਾ ਝੰਡਾ ਵੀ ਨਸੀਬ ਨਹੀਂ ਹੁੰਦਾ, ਜਿਸ ਦੇ ਅਸਲ ਵਿਚ ਉਹ ਹੱਕਦਾਰ ਹੁੰਦੇ ਹਨ। ਅਜਿਹਾ ਹੀ ਕਾਮਰੇਡ ਬਿੱਕਰ ਸਿੰਘ ਨਾਲ ਵਾਪਰਦਾ ਹੈ। ਬਿੱਕਰ ਸਿੰਘ ਦੀ ਮੌਤ ਹੋਣ 'ਤੇ ਉਸ ਦੀ ਪਤਨੀ ਨਸੀਬ ਕੌਰ ਨੂੰ ਇਹ ਆਸ ਸੀ ਕਿ ਜਿਸ ਪਾਰਟੀ ਲਈ ਉਸ ਦੇ ਪਤੀ ਨੇ ਆਪਣਾ ਸਾਰਾ ਜੀਵਨ ਨਸ਼ਾਵਰ ਕਰ ਦਿੱਤਾ ਉਸ ਪਾਰਟੀ ਦੇ ਜਿੰਮੇਵਾਰ ਆਹੁਦੇਦਾਰ ਬਿੱਕਰ ਸਿੰਘ ਨੂੰ ਪਾਰਟੀ ਝੰਡੇ ਨਾਲ ਸ਼ਰਧਾਂਜਲੀ ਦੇਣ ਜਰੂਰ ਆਉਣਗੇ ਪਰੰਤੂ ਉਹਨਾਂ ਆਹੁਦੇਦਾਰਾਂ ਨੂੰ ਤਾਂ ਬਿੱਕਰ ਸਿੰਘ ਦੀ ਇਮਾਨਦਾਰੀ ਤੇ ਪ੍ਰਤੀਬੱਧਤਾ ਹਮੇਸ਼ਾ ਅੱਖੜਦੀ ਰਹੀ ਸੀ। ਇਸ ਕਰਕੇ ਉਹਨਾਂ ਨੇ ਬਿੱਕਰ ਸਿੰਘ ਦੀ ਦੇਹ ਤੇ ਪਾਰਟੀ ਝੰਡਾ ਪਾਉਣ ਕਦੇ ਵੀ ਨਹੀਂ ਸੀ ਆਉਣਾ, ਤੇ ਨਾ ਹੀ ਉਹ ਆਏ। ਇਉਂ ਪੂੰਜੀਵਾਦੀ ਪ੍ਰਲੋਭਨਾ ਵਿਚ ਗਲਤਾਣ ਹੋਏ ਅਖੌਤੀ ਕਮਿਊਨਿਸ਼ਟਾਂ ਦੇ ਅਜਿਹੇ ਦੋਗਲੇ ਵਿਵਹਾਰ ਨੂੰ ਵੇਖ ਕੇ ਨਸੀਬ ਕੌਰ ਕਿਸਾਨਾਂ-ਮਜ਼ਦੂਰਾਂ ਦੇ ਆਪਸੀ ਭਾਈਚਾਰੇ ਤੇ ਜਥੇਬੰਦਕ ਸੰਘਰਸ਼ ਨੂੰ ਸੰਕੇਤਕ ਦਿਸ਼ਾ ਦਿੰਦੀ ਹੋਈ ਕਹਿੰਦੀ ਹੈ:

> "ਵੇ ਪੁੱਤ! ਹਰੀਏ ਨੂੰ ਆਖ, ਦੁਕਾਨ ਤੋਂ ਲਿਆ ਕੇ ਕੱਪੜਾ ਪਾਵੇ ਆਪਣੇ ਸਾਥੀ 'ਤੇ।"14

ਇਉਂ ਕਹਾਣੀ ਨਸੀਬ ਕੌਰ ਦੇ ਇਹਨਾਂ ਬੋਲਾਂ ਰਾਹੀਂ ਸਪੱਸ਼ਟ ਕਰਦੀ ਹੈ ਕਿ ਅਜੋਕੇ ਨਵ-ਪੂੰਜੀਵਾਦੀ ਸਮਾਜ-ਸਭਿਆਚਾਰਕ ਪਰਿਵੇਸ਼ ਵਿਚ ਸਰਮਾਏਦਾਰਾਂ ਅਤੇ ਰਾਜਨੀਤਿਕ ਲੋਕਾਂ ਦੇ ਹੋਏ ਸਿਆਸੀ ਗੱਠਜੋੜਾਂ ਦੀ ਹੱਥਠੋਕਾ ਬਣੀ ਕਾਰਜ-ਪਾਲਿਕਾ ਤੇ ਨਿਆਂ-ਪਾਲਿਕਾ ਦੇ ਚਲਦਿਆਂ ਕਿਰਤੀਆਂ-ਕਿਸਾਨਾਂ ਦੇ ਭਲੇ ਦੀ ਆਸ ਨਹੀਂ ਕੀਤੀ ਜਾ

ਸਕਦੀ। ਅਜਿਹੀ ਵਿੰਡਬਣਾਕਾਰੀ ਸਥਿਤੀ ਵਿਚ ਕਿਰਤੀਆਂ-ਕਿਸਾਨਾਂ ਨੂੰ ਆਪਣੇ ਹੱਕਾਂ ਦੀ ਪੂਰਤੀ ਲਈ ਸਾਂਝੇ ਜੱਥੇਬੰਦਕ ਸੰਘਰਸ਼ ਲੜਨੇ ਸਮੇਂ ਦੀ ਲੋੜ ਬਣ ਗਏ ਹਨ। ਅਜਿਹੇ ਹੀ ਸਾਂਝੇ ਲੋਕ-ਸੰਘਰਸ਼ਾਂ ਨੂੰ ਆਪਣੇ ਕੇਂਦਰੀ ਸੂਤਰ ਵਜੋਂ ਗ੍ਰਹਿਣ ਕਰਦੀ ਕਹਾਣੀ 'ਹਾਰੀਂ ਨਾ ਬਚਨਿਆ' ਹੈ।"ਕਥਾਕਾਰ ਨੇ ਇਸ ਕਥਾ ਦਾ ਸਿਰਲੇਖ 'ਹਾਰੀਂ ਨਾ ਬਚਨਿਆ' ਸੰਬੋਧਨੀ ਸ਼ੈਲੀ 'ਚ ਨਿਰਧਾਰਿਤ ਕੀਤਾ ਹੈ, ਇਹ ਸਿਰਲੇਖ ਸਮਕਾਲੀ ਸਿਸਟਮ ਤੋਂ ਮਾਯੂਸ ਤੇ ਉਦਾਸ ਹੋ ਚੁੱਕੇ ਬਚਨੇ ਨੂੰ ਹੀ ਨਹੀਂ ਸਗੋਂ ਸਮੂਹ ਲੋਕਾਂ ਨੂੰ ਹੱਲਾਸ਼ੇਰੀ ਤੇ ਹੌਂਸਲਾ ਦਿੰਦਾ ਹੈ। ਕਥਾ 'ਚੋਂ ਇਹ ਧੁਨੀ ਸਪੱਸ਼ਟ ਸੁਣਾਈ ਦਿੰਦੀ ਹੈ ਕਿ ਕਿਸੇ ਵੀ ਸਥਿਤੀ-ਪਰਸਥਿਤੀ ਦਾ ਸਮਾਧਾਨ ਜਥੇਬੰਦਕ ਸੰਘਰਸ਼ ਨਾਲ ਹੀ ਸੰਭਵ ਹੈ।"15 ਅਜਿਹੇ ਸਮੇਂ ਵਿਚ ਜਦੋਂ ਸਰਮਾਏਦਾਰਾਂ ਅਤੇ ਅਖੌਤੀ ਰਾਜਨੀਤਿਕ ਨੇਤਾਵਾਂ ਦੇ ਸਿਆਸੀ ਗੱਠਜੋੜ ਸਾਹਮਣੇ ਇਨਸਾਫ਼ ਦੇਣ ਵਾਲੀਆਂ ਸੰਸਥਾਵਾਂ ਨੇ ਆਪਣੇ ਗੋਡੇ ਟੇਕ ਦਿੱਤੇ ਹਨ ਤਾਂ ਲੋਕਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਅਤੇ ਇਨਸਾਫ਼ ਲੈਣ ਲਈ ਜਥੇਬੰਦਕ ਸੰਘਰਸ਼ਾਂ ਦੇ ਰਾਹ ਪੈਣਾ ਲਾਜ਼ਮੀ ਜਾਪਦਾ ਹੈ। ਕਹਾਣੀ ਵਿਚਲੇ ਬਿਰਤਾਂਤਕ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਕਹਾਣੀ ਦਾ ਮੁੱਖ ਪਾਤਰ ਬਚਨਾ ਬਾਜੀਗਰ ਬਰਾਦਰੀ ਨਾਲ ਸੰਬੰਧਿਤ ਹੈ। ਬਚਨਾ ਮਿਹਨਤਕਸ਼ ਬਰਾਦਰੀਆਂ ਦੇ ਜਤ-ਸਤ ਵਾਲੇ ਪ੍ਰਤਾਪੀ ਜੀਵਨ ਜਿਉਣ ਵਾਲੇ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ। ਆਪਣੇ ਕਸਬ ਵਿਚ ਮਾਹਿਰ ਬਚਨੇ ਦੇ ਅਖਾੜੇ ਦੀ ਮਿੱਟੀ ਚੁੱਕ ਕੇ ਘਰ ਲੈ ਜਾਣ 'ਤੇ ਬਾਂਝ ਔਰਤਾਂ ਦੀਆਂ ਕੁੱਖਾਂ ਹਰੀਆਂ ਹੋਣ ਦੀ ਗੱਲ ਕੀਤੀ ਜਾਂਦੀ ਸੀ ਉੱਥੇ ਬਚਨਾ ਆਪਣੀ ਪੋਤੀ 'ਵੀਰਾਂ' ਨਾਲ ਹੋਏ ਬਲਾਤਕਾਰ ਦੇ ਦੋਸ਼ੀਆਂ ਨੂੰ ਸਜਾ ਦਿਵਾਉਣ ਲਈ ਥਾਣਿਆਂ-ਕਚਹਿਰੀਆਂ ਦੇ ਧੱਕੇ ਖਾ ਰਿਹਾ ਹੈ। ਜਿਸ ਬਚਨੇ ਨੇ ਆਪਣੇ ਭਰਾ ਸੁਰਜਨ ਨੂੰ ਕੁੱਟ-ਕੁੱਟ ਕੇ ਇਸ ਲਈ ਨਕਾਰਾ ਕਰ ਦਿੱਤਾ ਸੀ ਕਿਉਂਕਿ ਉਸ ਨੇ ਪਿੰਡ ਦੀ ਕਿਸੇ ਔਰਤ ਨੂੰ ਮੈਲੀ ਅੱਖ ਨਾਲ ਤੱਕਿਆ ਸੀ ਪਰੰਤੂ ਅੱਜ ਉਸੇ ਬਚਨੇ ਦੀ ਪੋਤੀ ਨਾਲ ਬਲਾਤਕਾਰ ਕਰਨ ਵਾਲੇ ਪਟਵਾਰੀਆਂ ਦੇ ਮੁੰਡਿਆਂ ਨੂੰ ਸਜਾ ਦਵਾਉਣ ਦੀ ਬਜਾਏ ਪਟਵਾਰੀਆਂ ਦਾ ਪਰਿਵਾਰ ਤੇ ਪਿੰਡ ਦੇ ਹੋਰ ਲੋਕ ਉਹਨਾਂ ਨੂੰ ਬਚਾਉਣ ਲਈ ਬਚਨੇ ਨੂੰ ਮਾਮਲੇ 'ਤੇ ਮਿੱਟੀ ਪਾਉਣ ਲਈ ਕਹਿੰਦੇ ਹਨ। ਬਚਨਾ ਆਪਣੀ ਪੋਤਰੀ ਨੂੰ ਇਨਸਾਫ਼ ਦਿਵਾਉਣ ਲਈ ਇੱਕਲਾ ਹੀ ਥਾਣਿਆਂ-ਕਚਹਿਰੀਆਂ ਵਿਚ ਖੱਜਲ ਹੋ ਰਿਹਾ ਹੈ ਤੇ ਪਿੰਡ ਵਿਚੋਂ ਕੋਈ ਵੀ ਉਸ ਦਾ ਸਾਥ ਨਹੀਂ ਦਿੰਦਾ। ਦੂਜੇ ਪਾਸੇ ਕਿਸੇ ਦੂਰ ਪ੍ਰਦੇਸ ਦੀ ਧੀ 'ਅਕੀਦਾ' ਨੂੰ ਇਨਸਾਫ਼ ਦਿਵਾਉਣ ਹਿੱਤ ਉਸ ਦੇ ਬਲਾਤਕਾਰ ਤੇ ਕਤਲ ਦੇ ਦੋਸ਼ੀ-ਪੁਜਾਰੀ ਤੇ ਉਸ ਦੇ ਸਾਥੀਆਂ ਨੂੰ ਸਜਾ ਦਿਵਾਉਣ ਲਈ ਸ਼ਹਿਰ ਵਿਚ ਲੋਕਾਂ ਵੱਲੋਂ ਕੱਢੇ ਜਾ ਰਹੇ ਮੋਮਬੱਤੀ ਮਾਰਚ ਬਾਰੇ ਜਾਣ ਕੇ ਬਚਨੇ ਦੇ ਮਨ ਵਿਚ ਸਵਾਲ ਪੈਦਾ ਹੁੰਦਾ ਹੈ ਕਿ 'ਅਕੀਦਾ' ਮਾਰਚ ਵਿਚ ਸ਼ਾਮਲ ਲੋਕਾਂ ਦੇ ਨਾ ਪਿੰਡ ਦੀ ਹੈ, ਨਾ ਸ਼ਹਿਰ ਦੀ ਹੈ, ਨਾ ਗਰਾਂ ਦੀ ਹੈ ਫਿਰ ਵੀ ਉਹ ਉਸ ਨੂੰ ਇਨਸਾਫ਼ ਦਿਵਾਉਣ ਲਈ ਮਾਰਚ ਕੱਢ ਰਹੇ ਹਨ ਪਰੰਤੂ 'ਵੀਰਾਂ' ਤਾਂ ਸਾਰੇ ਪਿੰਡ ਦੀ ਧੀ ਸੀ ਫਿਰ ਵੀ ਪਿੰਡ ਵਾਲੇ ਉਸ ਨੂੰ ਇਨਸਾਫ਼ ਦਿਵਾਉਣ ਲਈ ਕਿਉਂ ਨਹੀਂ ਤੁਰੇ ? ਬਚਨਾ ਕਹਿੰਦਾ ਹੈ:

> "ਮੇਰੀ ਵੀਰਾਂ ਕੁੱਛ ਨੀ ਸੀ ਲੱਗਦੀ ਪਿੰਡ ਤੇ ਭਾਈਚਾਰੇ ਦੀ ? ਕਿਉਂ ਨਹੀਂ ਤੁਰਿਆ ਮੇਰੇ ਨਾਲ ਸ਼ਰੀਕਾ ਕਬੀਲਾ ?"16

ਬਚਨੇ ਦੇ ਇਹ ਸਵਾਲ ਵਾਜਬ ਹਨ ਕਿਉਂਕਿ ਉਸ ਨੇ ਤਾਂ ਹਮੇਸ਼ਾ ਪਿੰਡ ਦੀਆਂ ਧੀਆਂ-ਭੈਣਾ ਨੂੰ ਆਪਣੀਆਂ ਸਮਝ ਕੇ ਬਣਦਾ ਮਾਨ-ਸਤਿਕਾਰ ਦਿੱਤਾ ਹੈ ਪਰੰਤੂ ਪਿੰਡ ਵਾਲਿਆਂ ਤੇ ਭਾਈਚਾਰੇ ਨੇ ਉਸ ਦੀ ਪੋਤੀ ਵੀਰਾਂ ਨੂੰ ਇਨਸਾਫ਼ ਦਿਵਾਉਣ ਲਈ ਉਸ ਦਾ

ਸਾਥ ਹੀ ਨਹੀਂ ਦਿੱਤਾ ਸਗੋਂ ਇਕ ਤਰ੍ਹਾਂ ਪਟਵਾਰੀਆਂ ਦੇ ਹੱਕ ਵਿਚ ਭੁਗਤ ਗਏ। ਇਸ ਤਰ੍ਹਾਂ ਪਿੰਡ ਵਾਲਿਆਂ ਅਤੇ ਭਾਈਚਾਰੇ ਵੱਲੋਂ ਸਾਥ ਨਾ ਦੇਣ ਅਤੇ ਥਾਣੇ-ਕਚਹਿਰੀਆਂ ਵੱਲੋਂ ਵੀ ਇਨਸਾਫ਼ ਨਾ ਮਿਲਣ ਕਾਰਨ ਬਚਨਾ ਨਿਰਾਸ਼ ਤਾਂ ਹੈ ਪਰੰਤੂ ਉਸ ਦੇ ਦੋਸ਼ੀਆਂ ਨੂੰ ਸਜਾ ਦਿਵਾਉਣ ਲਈ ਲੋਕਾਂ ਵੱਲੋਂ ਕੱਢੇ ਜਾ ਰਹੇ ਮੋਮਬੱਤੀ ਮਾਰਚ ਦਾ ਹਿੱਸਾ ਬਨਣ ਤੇ ਆਪਣੀ ਪੋਤੀ 'ਵੀਰਾਂ' ਲਈ ਇਨਸਾਫ਼ ਵਾਸਤੇ ਜਥੇਬੰਦਕ ਸੰਘਰਸ਼ ਲੜਨ ਦਾ ਫੈਸਲਾ ਕਰਦਾ ਹੈ। ਕਹਾਣੀ ਦੇ ਇਹ ਬਿਰਤਾਂਤਕ ਵੇਰਵੇ ਬਚਨੇ ਵਲੋਂ ਸ਼ੁਰੂ ਕੀਤੇ ਸੰਘਰਸ਼ ਨੂੰ ਦਰਸਾਉਂਦੇ ਹਨ:

> "ਸਰਦਾਰ ਜੀ ਮੈਂ ਵੀ ਖੜ੍ਹ ਸਕਦਾ ਮੋਮਬੱਤੀ ਲੈ ਕੇ ਆਪਣੀ ਵੀਰਾਂ ਵਾਸਤੇ ?" ਬਚਨੇ ਨੇ ਪੁਛਿਆ ਜਰੂਰ ਪਰ ਬਿਨ੍ਹਾ ਜੁਆਬ ਦੀ ਉਡੀਕ ਕਰਿਆਂ, ਰੋਸ ਮੁਜਾਹਰੇ ਦੀ ਅਗਵਾਈ ਕਰ ਰਹੇ ਨੌਜੁਆਨ ਤੋਂ ਮੋਮਬੱਤੀ ਫੜ੍ਹ ਚੌਂਕ ਦੀਆਂ ਗਰਿਲਾਂ ਟੱਪ ਕੇ ਥੜ੍ਹੇ 'ਤੇ ਜਾ ਖੜ੍ਹਿਆ ਸੀ।"17

ਇਉਂ ਕਹਾਣੀ ਸੰਚਾਰ ਕਰਦੀ ਹੈ ਕਿ ਅਜੋਕੇ ਦੌਰ ਵਿਚ ਸਾਧਨਹੀਣ ਵਰਗ ਤੇ ਕਿਰਤੀ ਜਮਾਤ ਤਾਂ ਹੀ ਇਨਸਾਫ਼ ਦੀ ਪ੍ਰਾਪਤੀ ਕਰ ਸਕਦੇ ਹਨ ਜੇਕਰ ਉਹ ਜਥੇਬੰਦਕ ਸੰਘਰਸ਼ ਕਰਨ ਦਾ ਮਾਦਾ ਰੱਖਦੇ ਹੋਣ, ਨਹੀਂ ਤਾਂ ਧਨੀ ਵਰਗਾਂ ਅਤੇ ਰਾਜਨੀਤਿਕ ਲੀਡਰਾਂ ਦੇ ਸਿਆਸੀ ਗੱਠਜੋੜ ਦਾ ਹੱਥਠੋਕਾ ਬਣੀਆਂ ਕਾਰਜ-ਪਲਿਕਾ ਅਤੇ ਨਿਆਂ-ਪਾਲਿਕਾ ਤੋਂ ਕਿਸੇ ਇਨਸਾਫ਼ ਦੀ ਆਸ ਨਹੀਂ ਰੱਖੀ ਜਾ ਸਕਦੀ।

ਪੂੰਜੀਵਾਦੀ ਸਰਕਾਰਾਂ ਦੀ ਸਥਾਪਤੀ ਅਤੇ ਮਜ਼ਬੂਤੀ ਲਈ ਦੇਸ਼ ਦੀਆਂ ਹੱਦਾਂ 'ਤੇ ਥੋਪੀਆਂ ਜਾਂਦੀਆਂ ਜੰਗਾ ਦੇ ਯਥਾਰਥਕ ਵੇਰਵੇ ਕਹਾਣੀ 'ਜੰਗ' ਵਿਚ ਬਾਖੂਬੀ ਚਿਤਰੇ ਗਏ ਹਨ। ਕਹਾਣੀ ਜੰਗਾਂ ਵਿਚ ਸ਼ਹੀਦ ਹੁੰਦੇ ਫੌਜੀ ਜਵਾਨਾਂ ਦੀਆਂ ਸ਼ਹੀਦੀਆਂ ਉੱਤੇ ਰਾਜਸੀ ਲੀਡਰਾਂ ਅਤੇ ਉਹਨਾਂ ਦੇ ਪਰਿਵਾਰਾਂ ਵਲੋਂ ਕੀਤੀ ਜਾਂਦੀ ਸਿਆਸਤ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਦੀ ਹੈ। ਕਹਾਣੀ ਵਿਚੋਂ ਇਹ ਸਪੱਸ਼ਟ ਹੁੰਦਾ ਹੈ ਕਿ ਫੌਜੀ ਜਵਾਨਾਂ ਨੂੰ ਜੰਗਾਂ-ਯੁੱਧਾਂ ਵਿਚ ਝੋਕ ਕੇ ਸ਼ਹੀਦ ਦਾ ਦਰਜ਼ਾ ਦੇਣ ਵਾਲੀਆਂ ਪੂੰਜੀਵਾਦੀ ਸਰਕਾਰਾਂ ਹੀ ਅਸਲ ਵਿਚ ਉਹਨਾਂ ਦੀਆਂ ਕਾਤਲ ਹੁੰਦੀਆਂ ਹਨ। ਸ਼ਹੀਦ ਜਵਾਨਾਂ ਦੀਆਂ ਸ਼ਹੀਦੀਆਂ ਦਾ ਮੁੱਲ ਵੱਟਣ ਦੇ ਲਾਲਚ ਵੱਸ ਉਹਨਾਂ ਦੇ ਪਰਿਵਾਰਾਂ ਵੱਲੋਂ ਸ਼ਹੀਦ ਜਵਾਨਾਂ ਦੀਆਂ ਪਤਨੀਆਂ ਤੇ ਬੱਚਿਆਂ ਨੂੰ ਨਾ-ਕੇਵਲ ਘਰੋਂ-ਬੇਘਰ ਕੀਤਾ ਜਾਂਦਾ ਹੈ ਸਗੋਂ ਉਹਨਾਂ ਨਾਲ ਦੁਰਵਿਵਹਾਰ ਵੀ ਕੀਤਾ ਜਾਂਦਾ ਹੈ। ਇਸ ਕਹਾਣੀ ਦੇ ਬਿਰਤਾਂਤਕ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਦੇਸ਼ ਦੀ ਸਰਹੱਦ 'ਤੇ ਸ਼ਹੀਦ ਹੋਏ ਫੌਜੀ ਜਵਾਨ ਜਗਜੀਤ ਸਿੰਘ ਦਾ ਭਰਾ ਸ਼ਮਸ਼ੇਰ ਸਿੰਘ ਉਸ ਦੀ ਸ਼ਹੀਦੀ ਦਾ ਮੁੱਲ ਵੱਟ ਕੇ ਨਾ-ਕੇਵਲ ਮਾਲਾਮਾਲ ਹੁੰਦਾ ਹੈ ਸਗੋਂ ਨਸ਼ਿਆਂ ਦਾ ਕਾਰੋਬਾਰ ਕਰਕੇ ਤੇ ਸ਼ਹੀਦ ਦੀ ਪਤਨੀ ਤੇ ਬੱਚੀ ਨੂੰ ਘਰੋਂ ਕੱਢ ਕੇ ਉਸ ਦੀ ਸ਼ਹੀਦੀ ਦਾ ਵੀ ਅਪਮਾਨ ਕਰਦਾ ਹੈ। ਦੂਜੇ ਪਾਸੇ ਰਾਜਸੀ ਲੀਡਰ ਆਪਣੀ ਸੱਤਾ ਨੂੰ ਚਿਰਸਥਾਈ ਬਣਾਈ ਰੱਖਣ ਲਈ ਲੋਕਾਂ ਦਾ ਧਿਆਨ ਅਸਲੀ ਲੋਕ-ਮੁੱਦਿਆਂ ਤੋਂ ਲਾਭੇਂ ਕਰਨ ਲਈ ਸਰਹੱਦਾਂ 'ਤੇ ਜਾਣ-ਬੁੱਝ ਕੇ ਜੰਗਾਂ ਦਾ ਮਹੌਲ ਸਿਰਜਦੇ ਹਨ। ਇਨ੍ਹਾਂ ਜੰਗਾਂ ਵਿਚ ਸ਼ਹੀਦ ਹੋਏ ਜਵਾਨਾਂ ਦੀਆਂ ਸ਼ਹਾਦਤਾਂ 'ਤੇ ਸਿਆਸਤ ਕਰਨ ਲਈ ਉਹਨਾਂ ਦੇ ਬੁੱਤ ਲਵਾ ਕੇ ਤੇ ਉਨ੍ਹਾਂ ਸਭਿਆਚਾਰਕ ਤੇ ਖੇਡ ਮੇਲੇ ਕਰਵਾਉਂਣ ਦੇ ਨਾਂ 'ਤੇ ਵੋਟਾਂ ਪੱਕੀਆਂ ਕਰਦੇ ਹਨ। ਇਉਂ ਰਾਜਨੀਤਿਕ ਲੀਡਰ ਅਤੇ ਭਰਾ ਸ਼ਹੀਦ ਜਗਜੀਤ ਸਿੰਘ ਵਰਗੇ ਫੌਜ਼ੀ ਜਵਾਨਾਂ ਦੀਆਂ ਸ਼ਹੀਦੀਆਂ ਦੇ ਨਾਂ 'ਤੇ ਸਿਆਸਤ ਹੀ ਨਹੀਂ ਕਰਦੇ ਸਗੋਂ ਪਾਕਿਸਤਾਨ ਦੀ ਜੇਲ ਵਿਚੋਂ ਛੁੱਟ ਕੇ ਆਏ ਤੇ ਆਪਣੀ ਇਕ ਲੱਤ ਗੁਆ ਚੁੱਕੇ ਹੌਲਦਾਰ ਨੈਬ ਸਿੰਘ ਨਾਲ ਵੀ ਦੁਰਵਿਵਹਾਰ ਕਰਦੇ ਹਨ। ਇਸ ਤਰ੍ਹਾਂ ਜੰਗਾਂ ਵਿਚ

ਸ਼ਹੀਦ ਤੇ ਸਰੀਰਿਕ ਤੌਰ 'ਤੇ ਨਕਾਰਾ ਹੋਏ ਫੌਜੀ ਜਵਾਨਾਂ ਦੀਆਂ ਸ਼ਹੀਦੀਆਂ ਦੇ ਹੁੰਦੇ ਅਪਮਾਣ ਤੇ ਜਿਉਂਦਿਆਂ ਨਾਲ ਹੁੰਦੇ ਦੁਰਵਿਵਹਾਰ ਦੇ ਵੇਰਵਿਆਂ ਨੂੰ ਕਹਾਣੀਕਾਰ ਨੇ ਸ਼ਹੀਦ ਜਗਜੀਤ ਸਿੰਘ ਦੇ ਬੁੱਤ ਦਾ ਮਾਨਵੀਕਰਨ ਕਰਕੇ ਬੁੱਤ ਅਤੇ ਹੌਲਦਾਰ ਨੈਬ ਸਿੰਘ ਦੀ ਆਪਸੀ ਵਾਰਤਾਲਾਪ ਰਾਹੀਂ ਮਾਰਮਿਕ ਰੂਪ ਵਿਚ ਪ੍ਰਸਤੁਤ ਕੀਤਾ ਹੈ। ਇਸ ਵਾਰਤਾਲਾਪ ਤੋਂ ਸਪੱਸ਼ਟ ਹੁੰਦਾ ਹੈ ਕਿ ਦੇਸ਼ ਦੀਆਂ ਸਰਹੱਦਾਂ 'ਤੇ ਸਰਕਾਰਾਂ ਵਲੋਂ ਆਪ ਸਿਰਜੀਆਂ ਜੰਗਾਂ, ਇਹਨਾਂ ਜੰਗਾਂ ਵਿਚ ਸ਼ਹੀਦ ਹੁੰਦੇ ਫੌਜੀ ਜਵਾਨਾਂ ਦੇ ਨਾਂ 'ਤੇ ਹੁੰਦੀਆਂ ਸਿਆਸਤਾਂ ਅਤੇ ਅਪਮਾਨਾਂ ਨੂੰ ਤਾਂ ਹੀ ਰੋਕਿਆ ਜਾ ਸਕਦਾ ਹੈ ਜੇਕਰ ਸਰਹੱਦਾਂ 'ਤੇ ਲੜਨ ਵਾਲੇ ਫੌਜੀ ਜਵਾਨ ਜਥੇਬੰਦਕ ਹੋ ਕੇ ਦੇਸ਼ ਦੇ ਅੰਦਰ ਕਈ ਫਰੰਟਾਂ 'ਤੇ ਚਲ ਰਹੀਆਂ ਜੰਗਾਂ ਅਤੇ ਹੋ ਰਹੀਆਂ ਘੁਸਪੈਠਾਂ 'ਤੇ ਵੀ ਨਜ਼ਰ ਰੱਖਣ। ਇਸ ਪ੍ਰਸੰਗ ਵਿਚ ਸ਼ਹੀਦ ਜਵਾਨ ਜਗਜੀਤ ਸਿੰਘ ਦੇ ਬੁੱਤ ਵਜੋਂ ਹੌਲਦਾਰ ਨੈਬ ਸਿੰਘ ਨਾਲ ਕੀਤੀ ਗਈ ਵਾਰਤਾਲਾਪ ਦੇ ਇਹ ਵੇਰਵੇ ਧਿਆਨ ਦੀ ਮੰਗ ਕਰਦੇ ਹਨ:

> " ਅਸਲ ਲੜਾਈ ਤਾਂ ਹੁਣ ਲੜਨੀ ਪੈਣੀ ਐ। ਨਾਲੇ ਇਹ ਅਸਲੋਂ ਨਵੀਂ ਕਿਸਮ ਦੀ ਜੰਗ ਐ। ਇਹ ਜੰਗ ਕਿਸੇ ਬਾਹਰਲੇ ਦੁਸ਼ਮਣਾ ਖਿਲਾਫ਼ ਸਰਹੱਦ 'ਤੇ ਨੀ੍ ਸਗੋਂ ਦੇਸ਼ ਦੇ ਅੰਦਰਲੇ ਘੁਸਪੈਠੀਆਂ ਖਿਲਾਫ਼ ਲੜਨੀ ਪੈਣੀ ਐ। ਇਹ ਜੰਗ ਹੈ ਵੀ ਔਖੀ। ਏਸ ਜੰਗ ਵਾਸਤੇ ਦੇਸ਼ ਦੇ ਅੰਦਰਲੇ ਘੁਸਪੈਠੀਆਂ ਦੀ ਪਛਾਣ ਵੀ ਕਰਨੀ ਪੈਣੀ ਐ। ਆਵਦੇ ਵਰਗੇ ਹੋਰ ਵੀ ਰਲਾ ਲੈ ਨਾਲ। ਬਥੇਰੇ ਮੀਤੇ ਮੈਂਟਲ ਮਿਲ ਜਾਣਗੇ ਤੈਨੂੰ ਲੋਕਾਂ ਵਿਚੋਂ। ਇਹ ਲੜਾਈ ਕੱਲਿਆਂ ਦੇ ਲੜਨ ਵਾਲੀ ਹੈਨੀ। ਰਲਕੇ ਈ ਲੜਨੀ ਪੈਣੀ ਐ।"18

ਇਸੇ ਤਰ੍ਹਾਂ ਭ੍ਰਿਸ਼ਟ ਸਿਸਟਮ ਦੇ ਖਿਲਾਫ਼ ਜੰਗ ਲੜ੍ਹ ਰਹੇ 'ਬਲਬਹਾਦਰ' ਜਿਹੇ ਕਰਮਚਾਰੀਆਂ ਦੇ ਮਜ਼ਬੂਤ ਇਰਾਦਿਆਂ ਅਤੇ ਚੁਣੌਤੀਆਂ ਨੂੰ ਯਥਾਰਥਕ ਰੂਪ ਵਿਚ ਪ੍ਰਸਤੁਤ ਕਰਦੀ ਕਹਾਣੀ 'ਵਾਇਰਸ' ਹੈ। ਕਹਾਣੀ ਦੇਸ਼ ਦੇ ਰਾਜਸੀ ਤੇ ਪ੍ਰਬੰਧਕੀ ਖੇਤਰ ਵਿਚ ਆ ਚੁੱਕੇ ਭ੍ਰਿਸ਼ਟਾਚਾਰ ਦੇ ਵਾਇਰਸ ਦੀ ਬਹੁ-ਪਰਤੀ ਹੋਂਦ ਦੀ ਨਿਸ਼ਾਨਦੇਹੀ ਕਰਦੀ ਹੋਈ ਇਮਾਨਦਾਰ ਤੇ ਗ਼ੈਰਤਮੰਦ ਕਰਮਚਾਰੀਆਂ ਦੇ ਹੱਕ ਵਿਚ ਭੁਗਤਦੀ ਹੋਈ ਇਸ ਰੁਝਾਨ ਦੇ ਖਾਤਮੇ ਨੂੰ ਸਾਂਝੇ ਜਥੇਬੰਦਕ ਸੰਗਰਸ਼ਾਂ ਦੇ ਪ੍ਰਤੀਫਲ ਵਿਚ ਨਿਸ਼ਚਿਤ ਕਰਦੀ ਹੈ। ਇਸ ਸੰਗ੍ਰਹਿ ਦੀ ਆਖਰੀ ਕਹਾਣੀ 'ਕਮੀਨਾ' ਪਤੀ-ਪਤਨੀ ਸੰਬੰਧਾਂ ਵਿਚਲੇ ਵਿਵੇਕ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਪੇਸ਼ ਕਰਦੀ ਹੋਈ ਇਹ ਸਪੱਸ਼ਟ ਕਰਦੀ ਹੈ ਕਿ ਇਹਨਾਂ ਸਬੰਧਾ ਵਿਚ ਪਿੱਤਰੀ-ਸੱਤਾ ਆਪਣਾ ਦਾਬਾ ਬਣਾਈ ਰੱਖਦੀ ਹੈ। ਇਸ ਦਾਬੇ ਕਾਰਨ ਔਰਤ ਅਤਿ-ਕਰੂਰ ਸਥਿਤੀਆਂ ਵਿਚੋਂ ਗੁਜ਼ਰਦੀ ਹੋਈ ਵੀ ਆਪਣੇ ਧੀਰਜ਼ ਅਤੇ ਸਹਿਣਸ਼ੀਲਤਾ ਸਦਕਾ ਇਸ ਰਿਸ਼ਤੇ ਨੂੰ ਪਾਲਦੀ ਰਹਿੰਦੀ ਹੈ ਪਰੰਤੂ ਮਰਦ-ਸੱਤਾ ਵਿਚਲਾ ਦਾਬਾ, ਬੇਵਿਸ਼ਵਾਸੀ ਅਤੇ ਸ਼ੱਕ ਬਹੁਤੀ ਵਾਰ ਮਰਦ ਨੂੰ ਆਪਣੀਆਂ ਨਜ਼ਰਾਂ ਵਿਚ ਹੀ ਕਮੀਨਾ ਬਣਾ ਦਿੰਦਾ ਹੈ। ਅਜਿਹਾ ਹੀ 'ਕਮੀਨਾ' ਕਹਾਣੀ ਦੇ ਮੁੱਖ ਪਾਤਰ ਨਾਲ ਵਾਪਰਦਾ ਹੈ। ਉਹ ਆਪਣੇ ਆਪ ਨੂੰ ਸ਼ੱਕ ਦੇ ਸਾਏ ਤੋਂ ਮੁਕਤ ਕਰਨ ਲਈ ਮਾਨਸਿਕ ਪੱਧਰ 'ਤੇ ਸੰਘਰਸ਼ ਕਰ ਰਿਹਾ ਹੈ।

ਇਸ ਤਰ੍ਹਾਂ 'ਹਾਰੀਂ ਨਾ ਬਚਨਿਆ' ਕਹਾਣੀ ਸੰਗ੍ਰਹਿ ਦੀਆਂ ਸਮੁੱਚੀਆਂ ਕਹਾਣੀਆਂ ਦਾ ਕੇਂਦਰੀ ਸੂਤਰ ਸੰਘਰਸ਼ ਹੋ ਨਿਬੜਦਾ ਹੈ। ਇਹ ਸੰਘਰਸ਼ ਸਰਮਾਏਦਾਰਾਂ, ਭ੍ਰਿਸ਼ਟਾਚਾਰੀਆਂ, ਰਾਜਨੀਤਿਕ ਲੀਡਰਾਂ ਅਤੇ ਲੋਕ-ਦੋਖੀ ਸ਼ਕਤੀਆਂ ਦੇ ਸਿਆਸੀ ਗੱਠਜੋੜ ਵਿਰੁੱਧ ਇਮਾਨਦਾਰ ਕਿਰਤੀਆਂ, ਕਿਸਾਨਾਂ ਅਤੇ ਕਰਮਚਾਰੀਆਂ ਵੱਲੋਂ ਕਈ ਫਰੰਟਾਂ 'ਤੇ ਲੜਿਆ ਜਾ ਰਿਹਾ ਹੈ।

ਇਹਨਾਂ ਕਹਾਣੀਆਂ ਦੇ ਪਾਤਰਾਂ ਵਿਚੋਂ ਕੁਝ ਪਾਤਰ ਇਹ ਸੰਘਰਸ਼ ਆਪਣੀਆਂ ਕਾਨੂੰਨੀ ਤੇ ਹੱਕੀ ਮੰਗਾਂ ਦੀ ਪੂਰਤੀ ਲਈ ਲੜ ਰਹੇ ਹਨ, ਕੁਝ ਆਪਣੀ ਕੁਦਰਤੀ ਤੇ ਸਮਾਜ-ਸਭਿਆਚਾਰਕ ਸੁੰਤਤਰ ਹੋਂਦ ਦੀ ਬਹਾਲੀ ਲਈ ਲੜ ਰਹੇ ਹਨ, ਕੁਝ ਲੋਕ-ਹਿੱਤਾਂ ਤੇ ਹੱਕਾਂ ਦੀ ਬਹਾਲੀ ਲਈ ਲੜ ਰਹੇ ਹਨ, ਕੁਝ ਬਲਾਤਕਾਰੀਆਂ ਤੇ ਕਾਤਲਾਂ ਨੂੰ ਸਜਾ ਦਿਵਾਉਣ ਲਈ ਲੜ ਰਹੇ ਹਨ ਅਤੇ ਕੁਝ ਰਾਜਸੀ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਲੜ ਰਹੇ ਹਨ। ਇਉਂ ਸਾਰੀਆਂ ਕਹਾਣੀਆਂ ਦੇ ਪਾਤਰ ਕਿਸੇ ਨਾ ਕਿਸੇ ਪੱਧਰ ’ਤੇ ਲੋਕ-ਦੋਖੀਆਂ ਵਿਰੁੱਧ ਸੰਘਰਸ਼ ਲੜਦੇ ਹੋਏ ਅਜਿਹੇ ਪ੍ਰਗਤੀਸ਼ੀਲ ਤੇ ਅਗਾਂਹਵਧੂ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਨਜ਼ਰ ਆਉਂਦੇ ਹਨ ਜੋ ਚੰਗੇਰੇ ਭੱਵਿਖ ਦਾ ਸੁਪਨਾ ਲੈ ਕੇ ਲੋਕ-ਸੰਘਰਸ਼ ਦੇ ਰਾਹ ਪਏ ਹੋਏ ਹਨ। ਇਸ ਤਰ੍ਹਾਂ ਕਹਾਣੀਆਂ ਦੇ ਪਾਤਰਾਂ ਵੱਲੋਂ ਪ੍ਰਤੀਕੂਲ ਸਥਿਤੀਆਂ/ਪਰਿਸਥਿਤੀਆਂ ਦੇ ਬਾਵਜੂਦ ਆਪਣੇ ਹੱਕਾਂ-ਹਕੂਕਾਂ ਅਤੇ ਲੋਕ-ਹਿੱਤਾਂ ਦੀ ਬਹਾਲੀ ਲਈ ਜਥੇਬੰਦਕ ਸੰਘਰਸ਼ ਦੇ ਰਾਹ ਪੈਣ ਦੀ ਸੋਝੀ ਪ੍ਰਦਾਨ ਕਰਨ ਵਿਚ ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਦਾ ਹਾਸਲ ਨਜ਼ਰ ਅਉਂਦਾ ਹੈ।

## ਟਿੱਪਣੀਆਂ ਅਤੇ ਹਵਾਲੇ


1. ਗੁਰਮੀਤ ਕੜਿਆਲਵੀ, ਹਾਰੀਂ ਨਾ ਬਚਨਿਆ, ਪੰਨਾ 10.
2. ਨਿਰੰਜਣ ਬੋਹਾ, ਸੰਵਾਦ-13(ਜਨਵਰੀ-ਜੂਨ,2021),ਪੰਨਾ 176.
3. ਡਾ. ਮਿਨਾਕਸ਼ੀ ਰਾਠੌਰ, ਸ਼ਬਦ(ਫਰਵਰੀ, 2021) ਪੰਨਾ 57.
4. ਗੁਰਮੀਤ ਕੜਿਆਲਵੀ, ਉਹੀ, ਪੰਨੇ 21-22.
5. ਨਿਰੰਜਣ ਬੋਹਾ, ਉਹੀ,ਪੰਨਾ 177.
6. ਗੁਰਮੀਤ ਕੜਿਆਲਵੀ, ਉਹੀ, ਪੰਨਾ 19.
7. ਡਾ.ਹਰਿੰਦਰ ਸਿੰਘ, ਸਿਰਜਣਾ-198 (ਅਕਤੂਬਰ-ਦਸੰਬਰ, 2020) ਪੰਨੇ 87-88.
8. ਗੁਰਮੀਤ ਕੜਿਆਲਵੀ, ਉਹੀ, ਪੰਨੇ 16-17.
9. ਨਿਰੰਜਣ ਬੋਹਾ, ਉਹੀ, ਪੰਨਾ 177.
10. ਗੁਰਮੀਤ ਕੜਿਆਲਵੀ, ਉਹੀ, ਪੰਨੇ 53-54.
11. ਡਾ. ਮਿਨਾਕਸ਼ੀ ਰਾਠੌਰ, ਉਹੀ, ਪੰਨਾ 54
12. ਗੁਰਮੀਤ ਕੜਿਆਲਵੀ, ਉਹੀ, ਪੰਨਾ 77.
13. ਉਹੀ, ਪੰਨਾ 153.
14. ਉਹੀ, ਪੰਨਾ 154.
15. ਸੁਰਜੀਤ ਬਰਾੜ, ਸਮਕਾਲੀ ਸਾਹਿਤ(ਜੁਲਾਈ-ਸਤੰਬਰ 2021), ਪੰਨਾ 152.
16. ਗੁਰਮੀਤ ਕੜਿਆਲਵੀ, ਉਹੀ, ਪੰਨਾ 132.
17. ਉਹੀ, ਪੰਨਾ 133.
18. ਉਹੀ, ਪੰਨਾ 113.



*ਸਹਾਇਕ ਪ੍ਰੋਫ਼ੈਸਰ,
ਪੰਜਾਬੀ ਅਤੇ ਡੋਗਰੀ ਵਿਭਾਗ
ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ।